# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

ਜੂਨ ੧੯੮੧

JUNE 1981

ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ



ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਗੁਰਬਾਣੀ ਲਿਖਣ ਦੀ ਪਾਰਸ-ਕਲਾ (ਕਾਵਿ) | ਭਾ: ਸਾ: ਭਾਈ ਰਣਧੀਰ ਸਿੰਘ ਜੀ | ੩ |
| ਚਰਨ ਕਮਲ ਕੀ ਮਉਜ | ,, ,, ,, | ੫ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਉਸ ਦੇ ਕਾਰਨ | ਗਿ: ਗੋਪਾਲ ਸਿੰਘ ਜੀ ਮਿਤਰ | ੧੩ |
| ਸ਼ਹੀਦਾਂ ਦੇ ਸਿਰਤਾਜ–ਸ੍ਰੀ ਗੁਰੂ ਅਰਜਨ ਦੇਵ ਜੀ | ਪ੍ਰੋਫੈਸਰ ਸਾਹਿਬ ਸਿੰਘ ਜੀ | ੧੭ |
| ਘੋਰ ਬੇਅਦਬੀ–ਗੁਰਬਾਣੀ ਲਿਖੇ ਪਤਰਿਆਂ ਦੇ ਲਫ਼ਾਫ਼ੇ | – – | ੧੮ |
| ਤਮਾਕੂ ਪੀਣ ਬਾਰੇ ਨਵੀਂ ਲਭੀ ਸਚਾਈ | 'ਨਿਰੋਲ ਸੱਚ' ਅਮਰੀਕਾ | ੧੯ |
| ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਉ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੩ |
| ਰੰਗਲੇ ਸਜਣ ਸੂਬੇਦਾਰ ਹਰਿਬਚਨ ਸਿੰਘ ਜੀ | ਪ੍ਰੋਫੈਸਰ ਠਾਕਰ ਸਿੰਘ ਜੀ | ੨੬ |
| ਅਮਰ ਫ਼ਲਸਫ਼ਾ (ਕਵਿਤਾ) | ਹਕੀਮ ਹਰਿਭਜਨ ਸਿੰਘ ਜੀ | ੩੧ |
| ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੩੧) | ਕੈਪਟਨ ਸਵਰਨ ਸਿੰਘ ਜੀ | ੩੨ |
| ਸਲੋਕ ਸਹਸਕ੍ਰਿਤੀ (੪) ਅਰਥ ਵਿਚਾਰ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੩੯ |


ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ੬ ਜੂਨ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਵਤਾਰ ੧੮ ਜੂਨ

## ਹਾਲੈਂਡ ਤੇ ਜਰਮਨੀ ਵਿਖੇ ਅਖੰਡਪਾਠ ਤੇ ਅਖੰਡ ਕੀਰਤਨ

ਹਾਲੈਂਡ ਤੇ ਜਰਮਨੀ ਵਿਖੇ ਹੇਠ ਲਿਖੇ ਅਨੁਸਾਰ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ । ਨੇੜੇ ਨੇੜੇ ਦੀਆਂ ਸੰਗਤਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਲਾਹੇ ਲੈਣ ।

5–7 ਜੂਨ ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਮਨਾਂਦਿਆਂ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਸ: ਕਰਮਜੀਤ ਸਿੰਘ ਜੀ ਆਹਲੂਵਾਲੀਆ ਦੇ ਗ੍ਰਹਿ ਵਿਖੇ :–

Guevara Street-4, DELFT, HOLLAND Tel.-015-571946

12-14 ਜੂਨ ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿਚ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਗੁਰਦਵਾਰਾ ਸਾਹਿਬ ਕੋਲਨ :–

Poller Holzweg-10, 500-Koln-91, WEST GERMANY


21 ਜੂਨ ਐਤਵਾਰ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ :–

Vanhelman Street-33, Wijk-7, Rotterdam west, HOLLAND

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੬. ੮੧ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫ਼ੋਨ ਨੰਬਰ : 51847

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਲਾਨਾ ਚੰਦਾ ੧੦ ੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੫ ਜੂਨ ੧੯੮੧ ਅੰਕ ੬


# ਗੁਰਬਾਣੀ ਲਿਖਣ ਦੀ ਪਾਰਸ-ਕਲਾ

## *ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪੁਸਤਕ 'ਜੋਤਿ ਵਿਗਾਸ' ਵਿਚ ਇਕ ਥਾਈਂ ਗੁਰਬਾਣੀ ਲਿਖਣ ਦੀ ਪਾਰਸ-ਕਲਾ ਦਾ ਜ਼ਿਕਰ ਕਰਦੇ ਹੋਏ ਨਿਜ-ਵਰਤੀ ਇਕ ਘਟਨਾ ਬਿਆਨ ਕਰਦੇ ਹਨ–

"ਇਕ ਲਿਖਤ-ਕਲਾ-ਰਸਾਇਣੀ ਲਿਖਣ-ਸਰੀਏ ਲਿਖਾਰੀ*
ਸੰਗ ਲੇਖਕ ਦੀ ਦਰਸ਼ਨ ਭੇਟ ਅੱਖੀਂ ਡਿਠੀ ਵਾਰਤਾ"

ਸਾਰੇ ਜੌਹਰ ਕਰ-ਕਮਲ ਦੀ ਲੇਖਣੀ ਦੇ, ਜਿਨਿ ਕਮਾਲ ਕੀਤਾ ਅਦਭੁਤੋਲਿਆ ਦਾ।
ਅਸਾਂ ਡਿੱਠੇ ਲਿਖਾਰੀ ਗੁਰਬਾਣੀਆਂ ਦੇ, ਜਿਨ ਪੁਰਾਤਨੀ ਸਿਦਕ ਸਰਧੋਲਿਆਂ ਦਾ।
ਲਿਖਿ ਲਿਖਿ ਸੰਚੀਆਂ ਪਰਮ ਪਦੁ ਪਾਇ ਪੁੱਗੇ, ਪਾਰਸ ਧਿਆਨੁ ਅਭਿਆਸ ਲਿਖਤੋਲਿਆਂ ਦਾ।
ਲਿਖਿ ਲਿਖਿ ਸੰਚੀਆਂ ਸਹਿਜ ਸਮਾਧ ਲੱਗੀ, ਬੋਧ ਅਗਾਧ ਹੋਇਆ ਗੁਰਮਤੋਲਿਆ ਦਾ।੧੬੭।

ਗੁਰਮਤਿ ਗਿਆਨ ਅਥਾਹੁ ਤਿਨ ਗੁਰਮੁਖਾਂ ਦਾ, ਸੂਧਾ ਸਰਲ ਸੁਭਾਉ ਨਿੰਮਰੋਲਿਆਂ ਦਾ।
ਅਲਖ ਲਖ ਕੇ ਫੇਰ ਲਖਾਵਣਾ ਨਾ, ਸੱਚਾ ਦ੍ਰਿਜ ਤਿਨ ਅਜਰ ਜਰੋਲਿਆਂ ਦਾ।

*ਦਮਦਮੇ ਸਾਹਿਬ ਦੇ ਲਿਖਾਰੀ ਭਾਈ ਚੂੜ੍ਹ ਸਿੰਘ ਜੀ, ਤ੍ਰਖਾਣ ਸਿੰਘਾਂ ਵਿਚੋਂ, ਪਿੰਡ ਬਿਲਾਸਪੁਰ, ਡਾਕਖਾਨਾ ਖੁਮਾਣੋ, ਰਿਆਸਤ ਪਟਿਆਲਾ।




www.AKJ.Org

ਗੁੱਝੇ ਲਾਲ ਛਿਪੇ ਵਿਚਿ ਗੋਦੜੀ ਦੇ, ਕਿਸੇ ਮਰਮ ਨ ਲਾਲ ਅਮੋਲਿਆਂ ਦਾ।
ਸੁਤੇ-ਸਿਧ ਤਿਨ ਸੰਗ ਮੂੰ ਭੇਟ ਹੋਈ, ਬਣਿਆ ਰੰਗੁ ਸਤਿਸੰਗ ਚਰਚੋਲਿਆਂ ਦਾ।੧੬੮।

ਚਰਚਾ ਵਾਰਤਾਲਾਪ ਸਤਿਸੰਗ ਹੋਇਆ, ਚਮਤਕਾਰ ਮੇਲਾ ਕੁਦਰਤੋਲਿਆ ਦਾ।
ਗੁਰਮਤਿ ਗੋਸ਼ਟ ਅਨੰਦੀਏ ਲਾਭ ਹੋਏ, ਲਾਹਾ ਸੱਚ ਬੇਸਕ ਬੇਸਕੋਲਿਆਂ ਦਾ।
ਘੜੀ ਮਾਤ ਸਤਿਸੰਗ ਕਰਿ ਅਧਿਕ ਵਧਿਆ, ਪ੍ਰੇਮ ਪਰਸਪਰੀ ਪਰਮਾਰਥੋਲਿਆ ਦਾ।
ਸੁਤੇ ਸਿਧ ਤਿਨ ਚਰਨ ਮੈਂ ਪਰਸ ਬੈਠਾ, ਥਾਹ ਰਹਿਆ ਨ ਮੂੰ ਹੈਰਤੋਲਿਆਂ ਦਾ।੧੬੯।

ਮੇਰੀ ਸਭ ਰੁਮਾਵਲੀ ਰੁਮਕ ਉੱਠੀ, ਰਹਿਆ ਹੋਸ਼ ਨਾ ਅੱਖ ਝਮਕੋਲਿਆਂ ਦਾ।
ਅੱਖ ਉਘੜੀ ਤਾਂ ਡਿੱਠਾ ਹੋਰ ਕਾਰਾ, ਸਾਰਾ ਭਾਰ ਲਥਾ ਮੂੰ ਖੁਰੜੋਲਿਆਂ ਦਾ।
ਡਿਠੇ ਢੱਠੜੇ ਮੈਂਡੜੇ ਖੁਰੜਿਆਂ ਤੇ, ਜਿਨਿ ਸਨਮਾਨ ਕੀਤਾ ਮੈਂ ਅਦਬੋਲਿਆਂ ਦਾ।
ਰਹੀ ਤਾਬ ਨ ਹਿੱਲਣੇ ਜੁੱਲਣੇ ਦੀ, ਐਸਾ ਜਕੜ ਜਾਦੂ ਪਾਰਸੋਲਿਆਂ ਦਾ।੧੭੦।

ਬਦਨ ਬੁਤ ਸਮਾਨ ਨਿਢਾਲ ਹੋਇਆ, ਸਾਹੁ ਸਤ ਨ ਖੁਰੜ ਛੁੜਕੋਲਿਆਂ ਦਾ।
ਸੁਤੇ ਨਿਕਲੀਆਂ ਮੇਰੀਆਂ ਪ੍ਰੇਮ-ਲੇਰਾਂ, ਦੇਖਿ ਸਿਥਲ ਬਲ ਸ੍ਰੀਰ ਸ਼ਕਤੋਲਿਆਂ ਦਾ।
ਨਿਜ ਵਜੂਦ ਦੀ ਸੁੱਧ ਨ ਸੂਝ ਕਾਈ, ਨ ਉਸਾਣ ਨਿਜ ਜਾਨ ਪ੍ਰਾਨੋਲਿਆਂ ਦਾ।
ਭੁਬਾਂ ਮਾਰ ਡਿਡਿਆਇ ਕੇ ਬਿਨੇ ਕੀਤੀ, ਪਾਇਆ ਵਾਸਤਾ ਗੁਰ ਗੰਭੀਰੋਲਿਆਂ ਦਾ।੧੭੧।

ਗੁਰੂ ਵਾਸਤੇ ਦਾਸ ਤੇ ਮਿਹਰ ਹੋਵੇ, ਦੋਖ ਹੱਤੀਏ ਮੱਤ ਹੀਣੋਲਿਆਂ ਦਾ।
ਸੁਣ ਕੇ ਵਾਸਤਾ ਗੁਰੂ ਦਾ ਉੱਠ ਬੈਠੇ, ਡਿੱਠਾ ਕਮਲ ਮੁਖ ਜਲ ਨੇਤ੍ਰੋਲਿਆਂ ਦਾ।
ਖੁਰੜੇ ਭਿਜ ਮੇਰੇ ਤਰਾਰੇਜ਼ ਹੋ ਗਏ, ਕਰਿ ਇਸ਼ਨਾਨ ਵੈਰਾਗ ਉਦਕੋਲਿਆਂ ਦਾ।
ਮੇਰੇ ਵਿਚਿ ਕਲੇਜੜੇ ਸਾਂਗ ਫਿਰਿ ਗਈ, ਚੜ੍ਹਿਆ ਮਗਜ਼ਿ ਝਰਨਾਟ ਗੈਬੋਲਿਆਂ ਦਾ।੧੭੨।

ਸਾਵਧਾਨ ਹੋਇ ਪੁਛਿਆ ਗੁਰਮੁਖੇ ਤੋਂ, ਕਾਰਨ ਮੂਲ ਇਸ ਪਦ ਪ੍ਰਾਪਤੋਲਿਆਂ ਦਾ।
ਤਿਨ੍ਹਾਂ ਦਸਿਆ ਨਿਮਰੀ-ਭੂਤ ਹੋ ਕੇ, ਸਭ ਪਰਤਾਪੁ ਗੁਰ ਵਰ ਲਿੱਖਣੋਲਿਆਂ ਦਾ।
ਬਖਸ਼ੀ ਦਾਤ ਵਡੀ ਕਰਾਮਾਤ ਵਾਲੀ, ਵਰ ਵਡਾਣ ਏਹ ਕਲਮ ਸ਼ਕਤੋਲਿਆਂ ਦਾ।
ਲਿਖਣ-ਕਲਾ ਦੀ ਕਥਾ ਵਿਸਥਾਰ ਸੁਣ ਕੇ, ਧੁਰਵਾ ਹੋਰ ਬੱਝਾ ਮੂੰ ਸਿਦਕੋਲਿਆਂ ਦਾ।੧੭੩।

ਸਤਿਗੁਰ ਆਖਿਆ ਧੰਨ ਲਿਖਾਰੀਆਂ ਨੂੰ, ਅੰਮ੍ਰਿਤ ਲਿਖਤ ਫਲੁ ਗੁਣ ਅੰਮ੍ਰਿਤੋਲਿਆਂ ਦਾ।
ਬਾਣੀ ਲਿਖਤ ਮਹਿਮਾ ਧੰਨ ਧੰਨ ਗਾਈ, ਨਦਰੀ ਨਦਰ ਵਰੁ ਗੁਰ ਸਤਿਗੁਰੋਲਿਆਂ ਦਾ।
ਧੰਨ ਲੇਖਣੀ ਬਾਣੀਆਂ ਲਿਖਣਹਾਰੀ, ਲਿਖਣਾ ਧੰਨ ਧੰਨਾ ਲਿਖਣੋਲਿਆਂ ਦਾ।
ਆਪੇ ਕਲਮ ਕਾਗਦ ਆਪੇ ਮੱਸ ਬੁਘਤਾ, ਉਪਰ ਲੇਖ ਭੀ ਆਪ ਆਪੋਲਿਆਂ ਦਾ।੧੭੪।

ਏਕੋ ਏਕ ਵਰਤੇ ਆਪੇ ਆਪੁ ਸਚਾ, ਨਾਮੀ ਨਾਮ ਅਭੇਦ ਤਤੋਲਿਆਂ ਦਾ।
ਜਿਸ ਮੱਸ ਸੇਤੀ ਲਿਖੀ ਜਾਇ ਬਾਣੀ, ਧੰਨ ਜਸ ਗਾਇਆ ਤਿਨ ਮਸੋਲਿਆਂ ਦਾ।
ਜਿਸ ਭਾਂਡੜੇ ਇਹ ਮਸ ਭਰੀ ਜਾਵੇ, ਗਾਇਆ ਜਸੁ ਤਿਨੁ ਬੁਘਤੋਲਿਆਂ ਦਾ।
ਜੋਈ ਲੇਖਣੀ ਬਾਣੀਆਂ ਲਿਖਣਹਾਰੀ, ਅਤਿ ਅਪਾਰ ਜਸੁ ਤਿਨ ਲਿਖਣੋਲਿਆਂ ਦਾ।੧੭੫।



www.AKJ.Org

# ਚਰਨ ਕਮਲ ਕੀ ਮਉਜ

[ਵਲੋਂ–ਗੁਰਪੂਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

**ਅਕਾਲ ਪੁਰਖ ਦਾ ਸਰੂਪ–**

ਨਾਮ-ਰਸਕ ਵੈਰਾਗੀ, ਨਾਮ ਰਹੱਸ ਅਨੁਰਾਗੀ, ਵਾਹਿਗੁਰੂ ਦੇ ਦਰਸ-ਮੁਸ਼ਤਾਕ, ਦਰਸ-ਹੁਸ਼ਨਾਕ ਭਉਰਿਆਂ ਨੂੰ ਹੀ ਚਰਨ ਕਮਲ ਕੀ ਮਉਜ ਮਾਨਣ ਦੀ ਅਗੰਮੀ ਮਹਿਮਾ ਦਾ ਸਦ-ਰਿਦ-ਵਿਗਾਸੀ ਵਿਸ਼ਵਾਸ ਭਰੋਸਾ ਹੋ ਸਕਦਾ ਹੈ। ਨਾਮ-ਰਸ ਤੋਂ ਵਾਂਜਿਆਂ ਕੋਰਿਆਂ, ਕੋਰੜ ਮੋਂਠ ਮਨਾਂਜਿਆਂ (ਮਨਾਂ ਵਾਲਿਆਂ) ਨੂੰ "ਚਰਨ ਕਮਲ ਕੀ ਮਉਜ" ਦਾ ਅਹਿਸਾਸ ਹੀ ਕੀ? ਗੂੜ੍ਹ ਗੁਰਮਤਿ ਦੀ ਕਸ਼ਫ਼ ਕਮਾਲ ਕਰਨੀ ਤੋਂ ਅਨਜਾਣਾਂ ਨੂੰ 'ਚਰਨ' ਯਾ 'ਚਰਨ ਕਮਲ' ਪਦ ਦਾ ਵਾਹਿਗੁਰੂ ਅਕਾਲ ਪੁਰਖ ਦੀ ਹਸਤੀ ਨਾਲ ਮਨਸੂਬ (ਸੰਬੰਧਤ) ਕਰਨਾ ਨਿਰਾ ਮਨਮਤਿ ਦਾ ਢਕੋਂਸਲਾ ਹੀ ਭਾਸਦਾ ਹੈ। ਵਾਹਿਗੁਰੂ ਦੇ ਸਰੂਪ, ਵਾਹਿਗੁਰੂ ਦੀ ਅਕਾਲ-ਮੂਰਤਿ ਹਸਤੀ ਦਾ ਹੀ ਜਿਨ੍ਹਾਂ ਨੂੰ ਯਕੀਨ ਨਹੀਂ ਆਇਆ, ਉਨ੍ਹਾਂ ਦਾ ਵਾਹਿਗੁਰੂ ਦੇ ਚਰਨਾਂ ਉਤੇ ਕਦ ਯਕੀਨ ਬਝ ਸਕਦਾ ਹੈ? ਵਾਹਿਗੁਰੂ ਦੀ ਸਰੂਪ-ਲਖਤਾ ਤੋਂ ਸੁੰਞਿਆਂ ਨੂੰ "ਚਰਨ ਕਮਲ ਕੀ ਮਉਜ" ਦਾ ਕੀ ਪਤਾ? ਵਾਹਿਗੁਰੂ ਸਰੂਪ ਸਾਖਯਾਤ-ਕਾਰੀਆਂ ਅਤੇ ਚਰਨ-ਕਮਲ-ਮਉਜ-ਮਲ੍ਹਾਰੀਆਂ ਨੂੰ ਚਰਨ ਕਮਲ ਕੀ ਮਉਜ ਦੇ ਵਰਣਨ ਕਰਨ ਦੀ ਸਮਰੱਥਾ ਨਹੀਂ। ਉਹਨਾਂ ਪ੍ਰਥਾਇ ਹੀ ਇਹ ਗੁਰਵਾਕ ਘਟਦਾ ਹੈ–

ਕਬੀਰ ਚਰਨ ਕਮਲ ਕੀ ਮਉਜ ਕਉ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥ [ਪੰਨਾ ੧੩੭੦]

ਸਚ ਮੁਚ "ਕਹਿਬੇ ਕਉ ਸੋਭਾ ਨਹੀਂ"! "ਦੇਖਾ ਹੀ ਪਰਵਾਨੁ" ਹੈ। ਚਰਨ ਕਮਲ ਕੀ ਮਉਜ ਦੀ ਸੋਭਾ ਦੇ ਮੁਸ਼ਤਾਕ ਮੁਤਲਾਸ਼ੀਆਂ (ਪ੍ਰੀਤਵਾਨ ਢੂੰਡਾਊਆਂ) ਅਤੇ ਗੁਰਮਤਿ ਦੇ ਸੱਚੇ ਯਕੀਨਕਾਰ ਖੋਜੀਆਂ ਨੂੰ ਗੁਰਵਾਕਾਂ ਦੀ ਸਚਾਈ ਦਾ ਹੀ ਐਸਾ ਅਮਲ ਚੜ੍ਹਿਆ ਰਹਿੰਦਾ ਹੈ ਕਿ ਉਹ ਸਦਾ ਅਜਿਹੀਆਂ ਹੀ ਜੁਗਤਿ-ਵਿਉਂਤਾਂ ਢੂੰਡਦੇ ਹਨ ਅਤੇ ਗੁਰਮਤਿ ਦੇ ਦੁਆਰਿਓਂ ਗੁਰਬਾਣੀ ਅੰਦਰੋਂ ਹੀ ਢੂੰਡਦੇ ਹਨ, ਜਿਨ੍ਹਾਂ ਦੇ ਕਮਾਵਣ ਕਰਿ ਉਹਨਾਂ ਨੂੰ ਗੁਰਬਾਣੀ ਅੰਦਰ ਦਰਸਾਈ ਚਰਨ ਕਮਲਾਂ ਦੀ ਮਹਿਮਾ ਵਾਲੀ ਦਰਸ-ਵਿਗਾਸ-ਰਸਾਈ ਹੋ ਜਾਵੇ। ਸਚ ਮੁਚ ਮਾਅਰਫ਼ਤ ਦੇ ਹਕੀਕੀ ਮੁਹੱਕਕਾਂ (ਖੋਜੀਆਂ) ਨੂੰ ਪਰਮਾਰਥ ਦੇ ਗੂੜ੍ਹ ਅਗੰਮੀ ਭੇਦਾਂ ਉਤੇ ਚੂੰ-ਚਰਾਂ ਕਦੇ ਨਹੀਂ ਹੁੰਦੀ। ਗੁਰੂ ਘਰ ਦੇ ਅਨਿੰਨ ਭਗਤ ਗੁਰਮੁਖ ਜਨ, ਗੁਰਵਾਕਾਂ ਦੀ ਸਚਾਈ ਉਤੇ ਪੂਰਨ ਭਰੋਸਾ ਰਖਦੇ ਹਨ। ਨਿਊਣਤਾ ਮੰਨਦੇ ਹਨ ਤਾਂ ਆਪਣੀ ਨਿਜ ਕਮਾਈ ਦੀ ਮੰਨਦੇ ਹਨ। ਜੋ ਕੁਛ ਉਹਨਾਂ ਦੀ ਪੰਚ-ਭੂਤਕੀ ਅਲਪੱਗ ਬੁਧੀ ਦੇ ਬੋਧ-ਫ਼ਹਿਮ ਵਿਚ ਨਹੀਂ ਆਉਂਦਾ, ਉਸ ਤੋਂ ਉਹ ਮੁਨਕਰ ਨਹੀਂ ਹੁੰਦੇ।

ਚੰਚਲ ਮਤਿ, ਚਤੁਰਾਈ ਵਾਲੇ (ਪ੍ਰਾਣੀ) ਆਪਣੀ ਅਲਪੱਗ ਸਮਝ ਸੋਚ ਤੋਂ ਅਗੋਚਰੀ ਕਿਸੇ ਭੀ ਗੂੜ੍ਹ ਪ੍ਰਮਾਰਥ ਰਾਜ਼-ਰਮਜ਼ਨੀ ਗੱਲ ਉਤੇ ਏਅਤਕਾਦ ਨਹੀਂ ਲਿਆਉਂਦੇ। ਇਹ ਉਨ੍ਹਾਂ ਦੇ ਅਭਾਗ ਹਨ। ਉਹ ਮੁਹੱਕਕ ਨਹੀਂ ਬਣਦੇ। ਉਹ ਖੋਜੀ ਨਹੀਂ ਬਣਦੇ। ਵਾਦੀ,ਬਾਦ-ਬਿਵਾਦੀ ਹੀ,ਸਾਰੀ ਉਮਰ ਰਹਿੰਦੇ ਹਨ। ਉਹ ਗੁਰਬਾਣੀ, ਧੁਰ ਕੀ ਬਾਣੀ ਦੇ ਅਮਿਤ ਤੱਤ-ਭੇਦੀ ਆਸ਼ਿਆਂ ਉਤੇ ਈਮਾਨ ਨਹੀਂ ਲਿਆਉਂਦੇ। ਉਹਨਾਂ ਦੀ ਤਾਂ ਗੱਲ ਹੀ ਕੀ ਕਰਨੀ ਹੈ। ਪਰ ਜਿਨ੍ਹਾਂ ਗੁਰੂ ਦੇ ਸਚਿਆਰ ਸਿਖਾਂ ਨੂੰ ਗੁਰੂ ਦੀ ਬਾਣੀ ਉਪਰ, ਗੁਰਵਾਕਾਂ ਉਪਰ ਪੂਰਨ ਭਰੋਸਾ ਹੈ, ਉਹ ਗੁਰਬਾਣੀ ਅੰਦਰਿ ਲਖਾਈ ਕ੍ਰਿਸੇ ਭੀ ਸਚਾਈ ਤੋਂ ਸਿਰ ਨਹੀਂ ਫੇਰ ਸਕਦੇ। ਫਰਕ ਸਮਝਦੇ ਹਨ ਤਾਂ ਆਪਣੀ ਕਮਾਈ ਵਿਚਿ ਹੀ ਸਮਝਦੇ ਹਨ। ਗੁਰਮਤਿ-ਵਿਰੋਧੀ ਅਤੇ ਪ੍ਰਮਾਰਥ ਕੁਤਰਕੀ ਲੋਕ ਓਹਨਾਂ ਨੂੰ ਇਹ ਕਹਿ ਕੇ ਬਹਿਕਾਉਂਦੇ ਹਨ ਕਿ ਦੇਖੋ ਜੀ! ਨਿਰਗੁਣ ਵਾਹਿਗੁਰੂ ਦੇ ਭੀ ਕਦੇ ਚਰਨ ਹੋ ਸਕਦੇ ਹਨ? ਚਰਨ ਤਾਂ ਸਰਗੁਣ ਮੂਰਤਿ ਵਾਲੇ ਰੱਬ ਦੇ ਹੀ ਹੋ ਸਕਦੇ ਹਨ।



www.AKJ.Org

ਉਹਨਾਂ ਦੇ ਭਾ ਦਾ ਨਿਰਗੁਣ ਵਾਹਿਗੁਰੂ ਦਾ ਕੋਈ ਸਰੂਪ ਹੀ ਨਹੀਂ । ਗੁਰੂ ਸਾਹਿਬ ਨੇ ਸਿਰੀ ਜਪੁਜੀ ਸਾਹਿਬ ਦੇ ਮੂਲ ਮੁਢ ਵਿਚਿ ਹੀ ਕਰਤੇ ਪੁਰਖ ਵਾਹਿਗੁਰੂ ਦਾ 'ਅਕਾਲ ਮੂਰਤਿ' ਰੂਪ ਨਿਰਗੁਣ ਸਰੂਪ ਪ੍ਰਤਿਪਾਦਨ ਕੀਤਾ ਹੈ । ਨਿਰਗੁਣ ਸਰੂਪ ਤੋਂ ਇਹ ਭਾਵ ਹੈ ਕਿ ਇਹ ਸਰੂਪ ਤ੍ਰੈਗੁਣੀ ਗੁਣਾਂ ਵਾਲਾ ਨਹੀਂ, ਤ੍ਰੈਗੁਣ ਅਬਾਧ ਤੁਰੀਆਗੁਣੀ ਦਿਬ ਗੁਣਾਂ ਸੰਪੰਨ ਹਸਤੀ ਵਾਲਾ ਅਕਾਲ ਮੂਰਤੀ ਸਰੂਪ ਹੈ । ਇਸ ਤੋਂ ਮੁਨਕਰ ਹੋਣਾ ਅਕਾਲ ਪੁਰਖ ਦੀ ਹੋਂਦ ਤੋਂ ਹੀ ਮੁਨਕਰ ਹੋਣਾ ਹੈ ।

ਅਕਾਲ ਪੁਰਖ ਦੀ ਮੂਰਤ (ਹਸਤੀ) ਤਾਂ ਹੈ,ਪਰ ਕਾਲ ਚਕਰ ਵਿਚ ਆਏ ਤ੍ਰੈਗੁਣੀ ਗੁਣਾਂ ਵਾਲੀ ਹਸਤੀ ਨਹੀਂ । ਤੁਰੀਆਗੁਣੀ ਦਿੱਬ ਮੂਰਤਿ ਅਕਾਲ ਹਸਤੀ ਹੈ ।

**ਅਕਾਲ ਪੁਰਖ ਦੇ ਚਰਨਾਂ ਦਾ ਪ੍ਰਤੱਖ ਝਲਕਾ–**

ਇਸ ਦਿੱਬ-ਜੋਤਿ ਮੂਰਤੀ ਦੀ ਲਤੀਫ-ਕ੍ਰਾਂਤੀ-ਜੋਤਿ-ਕਿਰਣ ਦਾ ਨਾਮ ਅਭਿਆਸ ਕਮਾਈ ਦੁਆਰਾ ਗੁਰਮੁਖਾਂ ਦੇ ਘਟ ਅੰਦਰ ਪ੍ਰਗਟ ਹੋਣਾ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦੰਤਰ ਪਰਵੇਸ਼ ਹੋਣਾ ਹੈ।ਨਾਮੁ,ਪੂਰਨ ਗੁਰਮਤਿ ਜੋਗ ਜੁਗਤਿ ਦੁਆਰਾ ਅਗਾਧ ਅਭਿਆਸ ਕਮਾਈ ਦੇ ਸੁਆਸ ਗਿਰਾਸੀ ਬਿਲੋਵਨ ਕਰਿ, ਘਟ ਅੰਤਰ ਬਿਲੋਇਆ ਹੋਇਆ, ਅਚਰਜ ਜੋਤਿ ਰਸ ਵਿਗਾਸੀ ਨਿਰਮੋਲਕ ਹੀਰਾ ਹੋ ਕੇ ਪਾਰਸ ਮਣੀ, ਅਣੀ ਕਣੀ ਕਰਿ, ਰੋਮ ਰੋਮ ਅੰਦਰ ਪਰੋਤਾ ਜਾਂਦਾ ਹੈ । ਇਹੁ ਮਨ ਤਨ ਹੀਅੜਾ ਬੇਧੀ, ਜੋਤਿ ਮਣੀਆ, ਰਸ-ਤੇਜ ਕਿਰਣ ਕਣੀਆ ਅਤੇ ਬਿਸਮ ਆਭਾ ਅਦੋਤ ਅਣੀਆਲੇ ਅਣੀਆ, ਨਾਮ ਗੁਰਮੰਤ੍ਰ ਗੁਰਸ਼ਬਦ, ਵਾਹਿਗੁਰੂ ਜੋਤੀ ਸਰੂਪ ਦੇ ਚਰਨ ਕੰਵਲ ਦਾ ਰਿਦ ਪਰਵੇਸ਼ੀ ਅਤੇ ਜੋਤਿ ਪ੍ਰਜੁਲਤੀ ਪ੍ਰਤੱਖ ਝਲਕਾ । ਹੈ ਗੁਰਵਾਕ–

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਧਿਓ ਪਾਲ ॥੨॥੭॥ (ਪੰਨਾ ੬੮੭)

ਭਾਵ "ਸਤਿਗੁਰ ਸਬਦਿ ਉਜਾਰੋ ਦੀਪਾ" ਰੂਪੀ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਚ ਪੱਲੇ ਗੰਠ ਬੰਨ੍ਹ ਕੇ ਉਤਾਰ ਲਿਆ ਹੈ, ਗੁਰੂ ਨਾਨਕ ਸਾਹਿਬ ਦੇ ਘਰ ਦੇ ਅਭਿਆਸ ਕਮਾਈ ਵਾਲੇ ਚਰਨ ਕੰਵਲ ਅਨੁਰਾਗੀਆਂ ਨੇ । ਚੂੰਕਿ ਇਹ ਗੁਰਸ਼ਬਦ (ਨਾਮ, ਗੁਰਮੰਤਰ) ਅਭਿਆਸੀ ਜਨਾਂ ਦੇ ਹਿਰਦੇ ਅੰਦਰ ਰਸ-ਜੋਤਿ ਵਿਗਾਸੀ ਅਤੇ ਦਿਬ ਜੋਤਿ ਕ੍ਰਾਂਤੀ ਸੂਖਮ ਚਰਨ ਕੰਵਲਾਂ ਦਾ ਪ੍ਰਤਿਬਿੰਬਕ ਅਤੇ ਪ੍ਰਕਾਸ਼ਕ ਹੈ, ਤਾਂ ਤੇ ਗੁਰਬਾਣੀ ਅੰਦਰ ਵਾਹਿਗੁਰੂ ਦੇ ਚਰਣ ਕੰਵਲਾਂ ਦਾ ਪ੍ਰਤਿਪਾਦਕ 'ਗੁਰਮੰਤਰ' ਗੁਰਸ਼ਬਦ ਹੀ ਮੰਨਿਆ ਜਾਂਦਾ ਹੈ । ਗੁਰਸ਼ਬਦ (ਗੁਰਮੰਤਰ ਨਾਮ) ਦੀ ਅਗਾਧ ਅਭਿਆਸ ਕਮਾਈ ਦੁਆਰਾ ਜਦੋਂ ਹਿਰਦੇ ਅੰਦਰਿ ਜੋਤਿ ਪ੍ਰਗਟ ਹੁੰਦੀ ਹੈ, ਤਾਂ ਇਹ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਪਹਿਲਾ ਅਨੂਪਮੀ ਦਰਸ਼ਨ ਘਟ ਅੰਤਰ ਹੀ ਪ੍ਰਾਪਤ ਹੁੰਦਾ ਹੈ । ਸੋ ਜੋਤਿ ਕ੍ਰਾਂਤੀ ਚਰਨ ਕੰਵਲਾਂ ਦਾ ਰਿਦੇ ਅੰਦਰ ਧਾਰਨਾ, ਅਰਥਾਤ ਪ੍ਰਗਟ ਜੋਤਿ ਮਣੀ ਕ੍ਰਿਣ-ਕਣੀ ਵਾਲਾ ਜੋਤਿ-ਜਲਵਨੀ-ਚਮਤਕਾਰ ਨਿਹਾਰਨਾ ਵਾਹਿਗੁਰੂ ਜੋਤੀ ਸਰੂਪ ਦੇ ਪਰਤੱਖ ਦਰਸ਼ਨਾਂ ਅਤੇ ਸਮੀਪੀ ਸਾਂਗੋ ਪਾਂਗ ਮਿਲਾਪ ਦੇ ਮੇਲ ਅਗਵਾਇਨੀ ਨੀਸ਼ਾਨੀ ਹੈ । ਜਿਹਾ ਕਿ ਗੁਰਵਾਕ ਹੈ:–

ਚਰਣ ਕਮਲ ਰਿਦ ਅੰਤਰਿ ਧਾਰੇ ॥ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥੨॥੧੭॥

ਆਸਾ ਮਹਲਾ ੫, (ਪੰਨਾ ੩੭੫)

ਜਿਨ੍ਹਾਂ ਦੇ ਰਿਦੰਤਰਿ ਜੋਤਿ ਕਿਰਣ ਭੇਇਣੀ ਚਰਨ ਕੰਵਲਾਂ ਦੇ ਦਾਮਨ ਚਮਤਕਾਰ ਨਹੀਂ ਹੋਏ, ਉਹਨਾਂ ਨੂੰ ਸਮਝ ਲਵੋ ਕਿ ਵਾਹਿਗੁਰੂ ਅਕਾਲ ਪੁਰਖ ਦਾ ਦਰਸ ਮਿਲਾਪ ਹੋਣਾ ਅਤੀ ਕਠਨ ਅਤੇ ਅਸੰਭਵ ਹੈ । ਗੁਰਮਤਿ ਗੂੜ੍ਹ ਤਤ ਪਰਮਾਰਥੀ ਅਕਾਲ ਪੁਰਖੁ ਵਾਹਿਗੁਰੂ ਦੇ ਦਰਸ-ਮਿਲਾਪ ਦੀ ਗੁਰਮਤਿ ਗੂੜ੍ਹ ਗਿਆਨ-ਪ੍ਰਮਾਰਥੀ-ਤੱਤ-ਵਿਲੱਖਣਤਾ ਏਥੇ ਗੁਰ-ਗੰਮ-ਵਿਗਿਆਨੀ ਲਤੀਫਤਾ ਦੇ ਗੁਪਤ ਭੇਦ ਵਿਚਿ ਹੈ ਕਿ ਵਾਹਿਗੁਰੂ ਦੇ ਤੁਰੀਆ ਗੁਣੀ ਨਿਰਗੁਣ ਸਰੂਪ ਦੇ ਜੋਤਿ ਜਲਵਨੀ ਦਰਸ਼ਨ ਹੁੰਦੇ ਹਨ ਤਾਂ ਅੰਦਰੋਂ ਘਟੰਤਰੋਂ ਹੀ ਹੁੰਦੇ ਹਨ, ਬਾਹਰੋਂ ਨਹੀਂ ਹੁੰਦੇ । ਜੋਤੀ ਜੋਤਿ ਬੇਧੀਅੜੇ, ਹੀਰੇ ਹੀਰ ਬਿਧੰਨੇ ਦਰਸ਼ਨਾਂ ਦਾ ਦਿਬ-ਜੋਤਿ ਲਤੀਫੀ ਅਨੰਦੁ



www.AKJ.Org

ਅੰਤਰਗਤਿ ਹੀ ਮਾਣ ਹੁੰਦਾ ਹੈ ਅਤੇ ਬਿਸਮ ਰੰਗਾਂ ਵਿਚ ਅੰਤਰਗਤਿ ਹੀ ਸਹਿਜ ਸਮਾਨ ਹੁੰਦਾ ਹੈ। ਪਰ ਇਸ ਚਰਨ ਕਮਲ ਅਨੂਪ ਗੁਰ-ਸ਼ਬਦ ਰੂਪੀ ਹਰਿ ਸੰਤ ਮੰਤ ਨੂੰ ਕੋਈ ਵਿਰਲਾ ਗੁਰੂ ਘਰ ਦਾ ਗੁਰਮੁਖ ਸਿਖ ਸਾਧੂ ਹੀ ਜੋਤਿ ਪ੍ਰਜੁਲਤ ਕਰਨੀ ਕਮਾਈ ਵਿਚ ਲਟਾ-ਪੀਂਘ ਹੋ ਕੇ ਲਗਦਾ (ਜੁਟਦਾ) ਹੈ। ਕੋਈ ਐਸਾ ਵਡਿਭਾਗੀ ਗੁਰਮੁਖ ਪਿਆਰਾ ਹੀ ਹੈ ਜੋ ਏਹਨਾਂ ਚਰਨ-ਕੰਵਲ-ਵਿਗਾਸੀ-ਜੋਤਿ-ਕ੍ਰਿਸ਼ਮਨੀ-ਦਰਸ਼ਨਾਂ ਨੂੰ ਦਰਸਾਵਨ ਹਿਤ ਸਾਧ ਸੰਗਿ-ਗੁਰ-ਗੁੱਫਾ ਵਿਚ ਬਹਿ ਕੇ ਜਾਗ੍ਰਣ ਕਰਦਾ ਹੈ (ਰਾਤ-ਜਾਗੇ ਝਾਗਦਾ ਹੈ) ਅਤੇ ਰਿਦ ਜੋਤਿ ਪ੍ਰਜੁਲਤ ਕਰ ਕੇ ਭੀ ਜਾਗ੍ਰਣ ਜਾਗ੍ਰਤਾਈਆਂ ਦੇ ਅਥਾਹ ਆਤਮ ਰੰਗ ਮਾਣਦਾ ਹੈ, ਸੋਈ ਭਾਵ ਇਸ ਅਗਲੇਰੇ ਗੁਰਵਾਕ ਅੰਦਰਿ ਪ੍ਰਗਟ ਹੈ:–

ਚਰਨ ਕਮਲ ਅਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥੩॥
ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥੧॥ (ਪੰਨਾ ੩੮੦)

ਨਾਮ-ਅਹਾਰੀ ਅਭਿਆਸੀ ਜਨਾਂ ਨੂੰ ਅਭਿਆਸ ਕਮਾਈ ਦੁਆਰਾ, ਗੁਰਸ਼ਬਦ ਦਾ ਆਧਾਰ ਐਸਾ ਆਤਮ ਆਨੰਦੀ ਹੋ ਜਾਂਦਾ ਹੈ, ਮਾਨੋ ਕਿ ਓਹ ਸ਼ਬਦ ਪ੍ਰਜੁਲਤੀ ਜੋਤਿ ਕ੍ਰਿਣ-ਕ੍ਰਾਂਤੀ ਚਰਣ ਕੰਵਲਾਂ ਨੂੰ ਘੁਟ ਘੁਟ ਕੇ ਹਿਰਦੇ ਨਾਲਿ ਲਾਈ ਰਖਦੇ ਹਨ ਅਤੇ ਇਸ ਚਰਨ ਕੰਵਲਣੀ ਮਉਜ ਵਿਚ ਓਤਿ ਪੋਤਿ ਅੰਗ ਸੰਗਿ ਮਉਲੇ ਰਹਿੰਦੇ ਹਨ। ਉਹ ਵਾਹਿਗੁਰੂ ਜੋਤੀ ਸਰੂਪ ਨੂੰ ਖਿਨ ਖਿਨ ਆਪਣੇ ਸੰਗ ਸਾਥ ਹੀ ਓਤਿ ਪੋਤਿ ਵਸਿਆ ਜਾਣਦੇ ਲਖਦੇ, ਸਾਂਗੋ ਪਾਂਗ ਲਖਦੇ ਹਨ। ਅਤੇ ਲਿਵ-ਲੀਣ ਹੋ ਕੇ ਵਾਹਿਗੁਰੂ ਦੀ ਸਰਣ ਵਿਖੇ ਸਮਾਏ ਰਹਿੰਦੇ ਹਨ ਅਤੇ ਵਾਹਿਗੁਰੂ ਹਰੀ ਪਰਮਾਤਮਾ ਦਾ ਸਦਾ ਓਹਨਾਂ ਦੇ ਸਿਰ ਉਤੇ ਸਦ-ਰਹਿਮਤੀ ਹੱਥ ਰਹਿੰਦਾ ਹੈ। ਯਥਾ ਗੁਰਵਾਕ–

ਚਰਨ ਅਧਾਰੁ ਤੇਰਾ ਪ੍ਰਭ ਸੁਆਮੀ ਓਤਿ ਪੋਤਿ ਪ੍ਰਭੁ ਸਾਥਿ ॥
ਸਰਨਿ ਪਰਿਓ ਨਾਨਕ ਪ੍ਰਭ ਤੁਮਰੀ ਦੇ ਰਾਖਿਓ ਹਰਿ ਹਾਥ ॥੪॥੩੨॥ (ਪੰਨਾ ੫੦੩)

ਤਾਂ ਤੇ ਗੁਰਮਤਿ ਨਾਮ-ਅਭਿਆਸੀਆਂ ਦਾ ਨਾਮ ਸਿਮਰਨ ਰੂਪ ਅਰਾਧਣਾ, ਨਾਮੀ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਅਰਾਧਣਾ ਹੈ। ਉਹ ਇਸ ਗੁਰਸ਼ਬਦ ਸਿਮਰਨ ਰੂਪੀ ਚਰਨ ਕੰਵਲ ਹਿਰਦੇ ਅਰਾਧਨ ਕਰਿ, ਇਕ ਅਕਾਲ ਪੁਰਖ ਨਾਲ ਸਦਾ ਲਿਵ ਲਾਏ ਅਤੇ ਮੇਲ ਮਿਲਾਏ ਰਹਿੰਦੇ ਹਨ ਅਤੇ ਇਸ ਬਿਧਿ ਓਹ ਸਮਰੱਥ ਸੁਆਮੀ ਵਾਹਿਗੁਰੂ ਪਰਮਾਤਮ ਦੇਵ ਦੀ ਸਦਾ ਸਰਣਾਗਤ ਨਿਕਟ-ਵਰਤਤਾ ਦਾ ਆਨੰਦ ਮਾਣਦੇ ਹਨ। ਚੂੰਕਿ ਸਦਾ ਅਨੰਦ ਮੇਲ ਕੇਲ ਕਰਨਹਾਰਾ ਆਨੰਦੀ ਸਾਹਿਬ ਸਦਾ ਅਟੱਲ ਅਛੇਦ ਅਤੇ ਅਭੇਦ ਹੈ, ਤਾਂ ਤੇ ਉਸ ਆਨੰਦੀ ਸਾਹਿਬ ਦੇ ਮੇਲ ਕੇਲ ਦਾ ਆਨੰਦ ਹੁਲਾਸ ਭੀ ਅਟੱਲ ਅਛੇਦ ਅਭੇਦ ਹੈ। ਯਥਾ ਗੁਰਵਾਕ:–

ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾ ਕੀ ਆਉ ॥
ਚਰਣ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥੩॥ (ਪੰਨਾ ੫੦੧)

ਚਰਨ ਕੰਵਲਾਂ ਦਾ ਸਦਾ ਸਦਾ ਰਸ-ਅਨੰਦ-ਹੁਲਾਸ ਮਾਨਣ-ਹਾਰੇ ਵਾਹਿਗੁਰੂ ਦੇ ਦਾਸ ਸਦ ਸਦਾ ਹੀ ਚਰਨ ਕੰਵਲਾਂ ਦੀ ਮਉਜ ਵਿਚਿ ਰੰਗ ਰਤੜੇ ਰਹਿੰਦੇ ਹਨ, ਅਤੇ ਇਹ ਰੰਗ-ਚਲੂਲੇ ਓਹਨਾਂ ਦੇ ਕਦੇ ਭੀ ਉਤਰਦੇ ਉਖੜਦੇ ਨਹੀਂ। ਆਪਦੇ ਦਾਸਾਂ ਦਾ ਸਹਿਜ ਸੁਖ ਸਮੰਜਨ ਅਤੇ ਦੀਨ ਦੁਖ ਭੰਜਨ ਸੁਆਮੀ (ਅਕਾਲ ਪੁਰਖ) ਓਹਨਾਂ ਦੀ ਸਦ-ਆਤਮ-ਰੰਗ ਰਹਾਵਨੀ ਪੈਜ ਰਖਦਾ ਹੈ। ਇਸ ਬਿਧਿ ਨਦਰ ਨਿਹਾਲਤਾ ਵਾਲੀ ਆਤਮ ਰੰਗਣ ਵਿਚ ਰੰਗੀਜ ਕੇ ਚਰਨ-ਕੰਵਲ-ਰੰਗ-ਰਤੜੇ ਰੰਗੀਸ਼ਰ ਦਾਸ ਸਦਾ ਉਸ ਦੇ ਭਾਣੇ ਵਿਚਿ ਹੱਸ ਵਿਗੱਸ ਕੇ ਮਸਤ ਰਹਿੰਦੇ ਹਨ। ਅਤੇ ਸਹਿਜ ਸੁਰਖ਼ਰੂਈ ਦਾ ਸਿਰੋਪਾਉ ਲੈ ਕੇ ਦਰਗਹਿ ਪੈਧੇ ਜਾਂਦੇ ਹਨ। ਜੈਸਾ ਕਿ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ:–

ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ ॥
ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹਿ ਪੈਜ ਰਖਾਈਐ ॥੨॥ (ਪੰਨਾ ੫੦੦)

ਅਜਿਹੇ ਬਖਸ਼ੇ ਹੋਏ ਹਰਿ ਦਰਿ ਪੈਧੇ ਗੁਰਮੁਖ ਦਾਸ ਜਨ ਪ੍ਰਗ ਪਹੁੰਚ ਕੇ ਭੀ ਇਸ ਬਿਧਿ ਬੇਨਤੀਆਂ


www.AKJ.Org

(ਅਕਾਲ ਪੁਰਖ ਅੱਗੇ) ਕਰਦੇ ਹਨ। ਯਥਾ ਗੁਰਵਾਕ–

ਤੂੰ ਦਾਤਾ ਜੀਆ ਸਭਨਾ ਕਾ ਬਸਹੁ ਮੇਰੇ ਮਨ ਮਾਹੀ ॥ ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ ॥੧॥ ਠਾਕੁਰ ਜਾ ਸਿਮਰਾ ਤੂੰ ਤਾਹੀ ॥ ਕਰਿ ਕਿਰਪਾ ਸਰਬ ਪ੍ਰਤਿਪਾਲਕ ਪ੍ਰਭ ਕਉ ਸਦਾ ਸਲਾਹੀ ॥੧॥ਰਹਾਉ॥ ਸਾਸਿ ਸਾਸਿ ਤੇਰਾ ਨਾਮ ਸਮਾਰਉ ਤੁਮ ਹੀ ਕਉ ਪ੍ਰਭ ਆਹੀ ॥ ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥੨॥੧੧॥੧੯॥

(ਗੂਜਰੀ ਮਹਲਾ ੫, ਪੰਨਾ ੪੯੯)

ਅਤੇ ਇਸ ਬਿਧ ਬਿਨੈ ਜੋਦੜੀ ਕਰਨ ਦਾ ਵਲ ਸੁਚੱਜ ਸਿਖਾਉਂਦੇ ਹਨ :–

ਹੇ ਦਾਤਾਰ ! ਵਾਹਿਗੁਰੂ ! ਤੂੰ ਸਭਨਾਂ ਜੀਆਂ ਦਾ ਦਾਨ-ਦਾਤਾ ਹੈਂ। ਕਿਰਪਾ ਕਰ ਕੇ ਜੀਆ ਦਾਨ ਵਾਲੀ ਦਾਤਿ ਆਪਣੇ ਮੰਗਤ ਜਨ ਨੂੰ ਦੇਹੋ ਜੀ। ਅਤੇ ਛਿਨ ਛਿਨ ਨਾਮ ਅਭਿਆਸ ਕਮਾਈ ਵਾਲੀ ਅਮੋਘ ਦਾਤਿ ਬਖਸ਼ ਕੇ ਹਰ ਦਮ ਮੇਰੇ ਹਿਰਦੇ ਵਿਖੇ ਵਸੇ ਰਹੋ ਜੀ। ਇਸ ਕਦੇ ਨ ਵਿਸਰਨ ਵਾਲੇ ਛਿਨ ਛਿਨ ਨਾਮ ਅਭਿਆਸੀ ਕਸ਼ਫ ਕਮਾਲ ਕਮਾਈ ਦੇ ਪਰਤਾਪ ਕਰਿ, ਰਸ-ਜੋਤਿ-ਕ੍ਰਿਣ-ਕ੍ਰਿਸ਼ਮੀ ਅੰਮ੍ਰਿਤਧਾਰਾ, ਜੋ ਘਟ ਅੰਤਰਿ ਝਿਮਿ ਝਿਮਿ ਵਰਸੇਗੀ, ਓਹ ਵਾਹਿਗੁਰੂ ਜੋਤੀ ਸਰੂਪ ਦੇ ਅਮਿਉ ਚਰਨ ਕੰਵਲਾਂ ਦਾ ਅੰਤਰਿ-ਆਤਮੇ ਵੁਠਣਾ ਹੈ। ਜਦੋਂ ਇਸ ਬਿਧ ਅਮਿਉ ਝਕੋਲਨੇ, ਜੋਤਿ ਝਿਮਕੋਲਨੇ, ਰਸ ਦਾਮਨ ਦਮਕੰਨੇ, ਜਲਵ ਜਗੰਨੇ ਨਾਮ ਰਤਨ ਰੂਪੀ ਪਾਰਸ ਚਰਨ ਕੰਵਲਾਂ ਦਾ ਰਿਦ ਮਾਹਿ ਸਮਾਵਨਾ ਹੁੰਦਾ ਹੈ, ਤਿਥੇ ਤਦੋਂ–

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥ (ਪੰਨਾ ੭੦੦)

ਦੇ ਭਾਵ ਅਨੁਸਾਰ ਭਰਮ ਅਗਿਆਨ ਅੰਧਾਰ ਮਈ ਧੁੰਦ ਗ਼ੁਬਾਰ ਸਭ ਮਿਟ ਜਾਂਦਾ ਹੈ। ਤ੍ਰੈਗੁਣੀ ਗੁਣਾਂ ਦਾ ਗਿਆਨ ਭੀ ਅਗਿਆਨ-ਮਈ ਭਰਮ ਅੰਧੇਰਾ ਹੀ ਹੈ। ਜਦੋਂ ਨਾਮ-ਰਤੰਨੜਾ, ਜੋਤਿ ਜਗੰਨੜਾ, ਦ੍ਰਿਸ਼ਟ ਅਗੰਮੜਾ ਭਾਨ ਘਟ ਅੰਤਰਿ ਪਰਗਾਸ ਹੁੰਦਾ ਹੈ ਤਾਂ ਉਥੇ ਇਸ ਨਾਮ ਜੋਤਿ-ਪ੍ਰਕਾਸ਼ ਦੇ ਅਗੇ, ਏਸ ਦ੍ਰਿਸ਼ਟਮਾਨ ਸੂਰਜ ਸਾਰਖੇ ਕੋਟਾਨ ਕੋਟ ਸੂਰਜਾਂ ਦਾ ਚਾਨਣਾ ਭੀ ਮਾਤ ਹੈ। ਐਸੇ ਮੇਰੇ ਰਿਦ-ਵਿਗਾਸੀ-ਚਰਨ-ਕੰਵਲਾਂ ਦੇ ਜੋਤਿ ਬਿਜਲਾਰੀ ਚਾਨਣੇ ਦੀ ਮਹਿਮਾ ਹੈ। ਨਾਮ ਦਾ ਸਿਮਰਨ ਹੀ, ਇਹ ਜੋਤਿ-ਜਗਨਾਰੀ-ਭਾਨ ਉਦੇ ਕਰਾਉਂਦਾ ਹੈ ਅਤੇ ਹਿਰਦੇ ਅੰਦਰਿ ਕਰਾਉਂਦਾ ਹੈ। ਤਾਂ ਤੇ ਇਹ ਸਿਮਰਨ ਦੀ ਪਾਰਸ ਕਲਾ ਵਾਲਾ ਨਾਮ ਕੀ ਹੈ ? ਚਰਨ ਕੰਵਲ ਜੋਤਿ-ਭਾਨ ਪ੍ਰਕਾਸ਼ੀ ਚਸ਼ਮਾ ਹੈ। ਇਸ ਰਸ-ਜੋਤਿ-ਕ੍ਰਿਸ਼ਮ ਕਲਾ ਅੰਦਰਿ ਕਮਾਇਆ ਹੋਇਆ ਨਾਮ ਜਦੋਂ ਭੀ, ਜਿਸ ਛਿਨ ਭੀ ਸਿਮਰਨ-ਸਾਵਧਾਨਤਾ ਪ੍ਰਾਪਤ ਕਰਦਾ ਹੈ, ਤਦੋਂ ਹੀ, ਤਿਸ ਛਿਨ ਅੰਤਰਿ ਹੀ ਨਾਮ ਨਾਮੀ ਅਭੇਦ ਵਾਹਿਗੁਰੂ ਸਾਕਸ਼ਾਤ ਹੋ ਕੇ ਸਨਮੁਖ ਆਣਿ ਖਲੋਂਦਾ ਹੈ। ਤਾਹੀਂ ਤਾਂ ਉਪਰਲੇ ਵਾਕ ਅੰਦਰ ਇਉਂ ਉਚਾਰਨ ਹੋਇਆ ਹੈ– 'ਠਾਕੁਰ ਜਾ ਸਿਮਰਾ ਤੂੰ ਤਾਹੀ''। ਹੇ ਠਾਕੁਰ ! ਜਦੋਂ ਭੀ ਮੈਂ ਤੈਨੂੰ ਸਿਮਰਦਾ ਹਾਂ, ਤਦੋਂ ਹੀ, ਤਿਸ ਛਿਨ ਹੀ ਤੂੰ ਹਾਜ਼ਰ ਨਾਜ਼ਰ ਨੂਰ ਜ਼ਹੂਰ ਆ ਦਿਖਾਉਂਦਾ ਹੈਂ। ਤਾਂ ਤੇ ਹੇ ਮੇਰੇ ਪ੍ਰਭੂ ਪਰਮਾਤਮਾ ! ਹੇ ਮੇਰੇ ਸਾਰਿਆਂ ਨੂੰ, ਸਰਬ ਸ੍ਰਿਸ਼ਟੀ ਨੂੰ ਪ੍ਰਤਿਪਾਲਣ-ਹਾਰੇ ! ਐਸੀ ਕਿਰਪਾ ਕਰ ਕਿ ਮੈਂ ਤੇਰੇ ਇਸ ਪਾਰਸ-ਪਰਤਾਪੀ-ਸਿਮਰਨ ਨੂੰ ਸਦਾ ਸਦਾ ਸਦ ਹੀ ਸਲਾਹਾਂ, ਇਕ ਨਿਮਖ ਭੀ ਕਦੇ ਨਾ ਛਡਾਂ। ਛਿਨ ਛਿਨ ਤੇਰੀ ਹੀ ਬਿਸਮ ਰਸਾਈ ਦੀ ਸਿਫਤਿ ਸਲਾਹ ਕਰੀ ਜਾਵਾਂ। ਸੁਆਸਿ ਸੁਆਸਿ ਤੇਰੇ ਹੀ ਨਾਮ ਦਾ ਸਿਫਤਿ-ਸਾਲਾਹੀ ਸਿਮਰਨ ਸਮਾਰਨ ਕਰੀ ਜਾਵਾਂ, ਅਤੇ ਮੈਨੂੰ ਸਦਾ ਤੇਰੇ ਸਿਮਰਨ ਦਾ, ਤੇਰੀ ਦਰਸ-ਲੋਚਨੀ ਸਿਫਤ ਸਾਲਾਹ ਦਾ ਆਹਰ ਹੀ ਬਣਿਆ ਰਹੇ। ਬਸ ! ਗੁਰੂ ਨਾਨਕ ਸਾਹਿਬ ਦੇ ਘਰ ਦੇ ਸਿਫਤ-ਸਾਲਾਹੀ ਰਸ-ਜੋਤਿ-ਵਿਗਾਸੀ ਅਭਿਆਸੀ ਜਨਾਂ ਨੂੰ ਇਕ ਕਰਤੇ ਪੁਰਖ ਦੀ ਹੀ ਸਰਧਾ-ਭਰੋਸਨੀ ਟੇਕ ਹੈ। ਬਸ ! ਉਹਨਾਂ ਨੇ ਇਕ ਗੁਰੂ ਕਰਤਾਰ ਦੀ ਆਸ ਤੋਂ ਵਿਹੂਣ ਹੋਰ ਦੂਤੀਆ ਆਸ ਬਿਗਾਨੜੀ ਲਾਹ ਛੱਡੀ ਹੈ।

ਨਾਮ ਸਿਮਰਨ ਰੂਪੀ ਜਪ ਜਾਪ ਕਮਾਈ ਦਾ ਐਸਾ ਪਰਤਾਪ ਹੈ ਕਿ ਵਾਹਿਗੁਰੂ ਨਾਮ ਦੀ ਸੁਆਸ


www.AKJ.Org

ਸੁਆਸ ਸਿਮਰਨ ਰੂਪੀ ਸੇਵਾ ਨਾਮ ਸਿਮਰਨਹਾਰੇ ਸੇਵਕ ਜਨ ਨੂੰ ਭਵ-ਸਾਗਰੋਂ ਪਾਰਿ ਉਤਾਰ ਦਿੰਦੀ ਹੈ ਅਤੇ ਦੀਨ ਦਇਆਲ ਪ੍ਰਭੂ ਪ੍ਰਮਾਤਮਾ ਦੀ ਐਸੀ ਕਿਰਪਾ ਹੋ ਜਾਂਦੀ ਹੈ ਕਿ ਬਹੁੜ ਬਹੁੜ ਜਨਮ ਧਾਰ ਕੇ ਉਸ ਨੂੰ ਲਖ ਚੁਰਾਸੀ ਜੂਨਾਂ ਦੇ ਗੇੜ ਵਿਚ ਪੈਣ ਦੀ ਜਮ-ਮਾਰ, ਜਮ-ਜੰਦਾਰ ਜਾਤਨਾ (ਦੰਡ) ਮਈ ਸਜ਼ਾਵਾਂ ਨਹੀਂ ਸਿਰ ਸਹਿਣੀਆਂ ਪੈਂਦੀਆਂ। ਸਤਿਸੰਗ ਸਮਾਗਮਾਂ ਵਿਚ ਪ੍ਰਸਪਰ ਰਲ ਮਿਲ ਬਹਿ ਕੇ ਗੁਰਬਾਣੀ ਰੂਪ ਗੁਣ ਗਾਉਣ ਕਰਿ, ਭਾਵ ਗੁਰਬਾਣੀ ਦਾ ਕੀਰਤਨ ਕਰਨ ਕਰਿ, ਮਾਨੁਖਾ-ਦੇਹ-ਧਾਰਨੀ ਰਤਨ ਜਨਮ ਅਜਾਈਂ ਨਹੀਂ ਜਾਂਦਾ, ਸਗੋਂ ਲੇਖੇ ਲਗ ਜਾਂਦਾ ਹੈ। ਹਾਰੀਦਾ ਨਹੀਂ, ਜਨਮ ਜਿਤ ਕੇ ਜਾਈਦਾ ਹੈ। ਵਾਹਿਗੁਰੂ ਦੇ ਗੁਣ ਗਾਵਣ ਦੀ, ਅਖੰਡ ਕੀਰਤਨ ਕਰਨ ਦੀ, ਇਹ ਪਾਰਸ-ਕਲਾ-ਕਮਾਲਣੀ ਮਹਿਮਾ ਹੈ ਕਿ ਇਸ ਬਿਖੇ-ਬਨ ਰੂਪੀ ਭਵਜਲ ਨੂੰ ਸੁਖੈਨ ਹੀ ਤਰ ਜਾਈਦਾ ਹੈ ਅਤੇ ਸਮੂਹ ਕੁਲਾਂ ਦਾ ਭੀ ਉਧਾਰ ਹੋ ਜਾਂਦਾ ਹੈ। ਵਾਹਿਗੁਰੂ ਨਾਮ ਦੇ ਸਾਸਿ ਗਰਾਸਿ ਉਚਾਰਨ ਕਰਨ ਕਰਿ ਵਾਹਿਗੁਰੂ ਦੇ ਚਰਨ ਕੰਵਲ ਰਿਦ ਭੀਤਰ ਬਸ ਜਾਂਦੇ ਹਨ ਅਤੇ ਬਸ ਕੇ ਧਸ ਜਾਂਦੇ ਹਨ। ਇਸ ਬਿਧਿ ਜਗਦੀਸ਼ਰ ਵਾਹਿਗੁਰੂ ਦੇ ਚਰਨ ਕੰਵਲ ਕੀ ਓਟ ਗਹਿ ਕੇ ਗੁਰੂ ਨਾਨਕ ਸਾਹਿਬ ਘਰ ਦੇ ਭਗਤ ਜਨ ਵਾਹਿਗੁਰੂ ਸਚੇ ਸਾਹਿਬ ਦੇ ਚਰਨ ਕੰਵਲਾਂ ਵਿਟਹੁੰ ਪੁਨਹ ਪੁਨਹ ਵਾਰਨੇ ਬਲਿਹਾਰਨੇ ਜਾਂਦੇ ਹਨ। ਇੰਨ ਬਿੰਨ ਸੋਈ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ:-

> ਹਰਿ ਜਪਿ ਸੇਵਕੁ ਪਾਰਿ ਉਤਾਰਿਓ ॥ ਦੀਨ ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮ ਨਹੀ ਮਾਰਿਓ ॥੧॥ਰਹਾਉ॥ ਸਾਧ ਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮ ਨਹੀ ਹਾਰਿਓ ॥ ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ ॥੧॥ ਚਰਨ ਕਮਲ ਬਸਿਆ ਰਿਦ ਭੀਤਰਿ ਸਾਸਿ ਗਿਰਾਸਿ ਉਚਾਰਿਓ ॥ ਨਾਨਕ ਓਟ ਗਹੀ ਜਗਦੀਸੁਰ ਪੁਨਹ ਪੁਨਹ ਬਲਿਹਾਰਿਓ ॥੨॥੪॥੩੦॥
>
> ਮ: ੫, (ਪੰਨਾ ੮੩੪)

ਵਾਹੁ! ਵਾਹ! ਧੰਨ ਚਰਨ ਕੰਵਲ! ਰਿਦ ਭੀਤ੍ਰਿ ਬਸਨਹਾਰੇ ਚਰਨ ਕੰਵਲ! ਰਿਦ ਭੀਤਰ ਚਰਨ ਕੰਵਲ ਬਸਣ ਕਰਿ, ਰਿਦ ਭੀਤਰ ਚਰਨ ਕੰਵਲਾਰੀ ਰਸ ਬੋਹ-ਬੋਹਾਰੀ ਕ੍ਰਿਣ ਪ੍ਰਕਾਸ਼ ਹੋਣ ਕਰਿ, ਵਾਹਿਗੁਰੂ ਦੇ ਪ੍ਰਤਖ ਦਰਸ਼ਨ, ਸਮੁਚੇ ਜੋਤਿ ਸਰੂਪੀ ਦਰਸ਼ਨਾਂ ਦਾ ਉਮਾਹ ਹੋਰ ਭੀ ਚਰਨ ਕੰਵਲ-ਬੋਹਾਰੀਆਂ ਦੇ ਹਿਰਦਿਆਂ ਅੰਦਰਿ ਉਮਗਾਉਂਦੇ ਹਨ ਅਤੇ ਉਹ ਇਹਨਾਂ ਚਰਨ-ਕੰਵਲਾਰੀ-ਦਰਸ਼ਨਾਂ ਤੋਂ ਹੀ ਬਲਿਹਾਰ ਹੋ ਹੋ ਜਾਂਦੇ ਹਨ। ਯਥਾ ਗੁਰਵਾਕ:-

> ਚਰਨ ਕਮਲ ਹਿਰਦੈ ਉਰਿ ਧਾਰੇ ॥ ਤੇਰੇ ਦਰਸਨ ਕਉ ਜਾਈ ਬਲਿਹਾਰੇ ॥੩॥ (ਪੰਨਾ ੫੬੩)

ਰਿਦ ਜੋਤਿ ਵਿਗਾਸੀ, ਰਸ ਕ੍ਰਿਣ ਭੋਆਸੀ ਚਰਨ ਕੰਵਲਾਂ ਦਾ ਦਰਸਾਰ ਹੀ ਰਸ-ਦਰਸ-ਭੁੰਚਾਰੀਆਂ ਨੂੰ ਖਿਨ ਖਿਨ ਖੀਵਾ ਰਖਦਾ ਹੈ, ਸਮੁਚੇ ਦਰਸ਼ਨਾਂ ਦੇ ਝਲਕਾਰ ਨੂੰ ਝਲਣਾ ਬੇ-ਓੜਕ ਵਿਸਮਾਦ ਜਨਕ ਹੈ। ਰਿਦਿ ਚਰਨ ਕੰਵਲ ਵਿਗਾਸੀ, ਰਸ-ਬਿਸਮ ਸੁਬਾਸੀ ਨਾਮ ਦੀ ਸੁਗੰਧ ਰਸ-ਰਮਨੀ-ਲਪਟ ਲੈ ਲੈ ਕੇ ਹੀ ਨਾਮ-ਰਸ-ਸੁਆਦ-ਬਿਸਮਾਦੀ-ਬਿਮਲ-ਜਨ ਹੋਰੋ ਹੋਰ ਨਾਮ ਜਪ ਜਾਪ ਅਭਿਆਸ ਕਮਾਈ ਵਿਚ ਲਿਪਤ, ਲਿਵ-ਖਿਵਤ ਹੋ ਹੋ ਪੈਂਦੇ ਹਨ। ਨਾਮ-ਰਸ ਜੋਤਿ ਪ੍ਰਕਾਸ਼ ਦਾ ਰਸ ਮਗਨ ਅਹਿਲਾਦੀ ਆਨੰਦ, ਕਮਲ-ਮਉਜਾਰੀਆਂ ਨੂੰ ਦਿਨ ਰੈਣ ਏਸੇ ਆਹਰ ਵਿਚ ਹੀ ਰਖਦਾ ਹੈ ਕਿ ਉਹ ਹੋਰ ਭੀ ਤਦਰੂਪ ਹੋ ਕੇ ਨਾਮ ਸਿਮਰਨ ਵਿਚ ਜੁਟ ਜਾਣ। ਜਿਉਂ ਜਿਉਂ ਉਹ ਜੁਟਦੇ ਹਨ, ਤਿਉਂ ਤਿਉਂ ਨਾਮ ਮਹਾਂ ਰਸ ਦੇ ਗਟਾਕ ਵਧ ਤੋਂ ਵਧ ਅੰਮ੍ਰਿਤ-ਬਿਸਮਾਦ ਦੇ ਸੁਆਦ ਰੰਗਾਂ ਵਿਚ ਪੀਂਦੇ ਹਨ ਅਤੇ ਚਰਨ ਕੰਵਲ ਦੀਆਂ ਮੌਜਾਂ, ਅਨੂਠੜੇ-ਆਤਮ-ਅਉਜਾਂ ਵਿਚ ਮਾਣਦੇ ਹਨ। ਯਥਾ ਗੁਰਵਾਕ :-

> ਦਿਨੁ ਰੈਣਿ ਸੁਹਾਵੜੀ ਆਈ ਸਿਮਰਤ ਨਾਮੁ ਹਰੇ ॥ ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ ॥ ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟੁ ਮਗੁ ਦਿਖਾਇਆ ॥ ਮਿਲਿ ਸਾਧ ਸੰਗੇ ਨਾਮ ਰੰਗੇ ਮਨਿ ਲੋੜੀਦਾ ਪਾਇਆ ॥



www.AKJ.Org

ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸੰਬੂਹਾ ਸਭਿ ਤਰੇ ॥ ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰੰਤ ਨਾਨਕ ਹਰਿ ਹਰੇ ॥੪॥੬॥੯॥ ਆਸਾ ਮਹਲਾ ੫, (ਪੰਨਾ ੪੫੯)

ਨਾਮ ਸਿਮਰਦੇ ਹੋਏ ਹੀ ਦਿਨ ਰੈਣ ਦੀਆਂ ਸਾਰੀਆਂ ਘੜੀਆਂ ਸੁਹਾਵੜੀਆਂ ਹੁੰਦੀਆਂ ਹਨ। ਸਫਲੀਆਂ ਹੀ ਨਹੀਂ, ਸੁਹਾਵੜੀਆਂ ਹੁੰਦੀਆਂ ਹਨ। ਨਾਮ ਨੂੰ ਸਿਮਰ ਸਿਮਰ ਕੇ ਜਦੋਂ ਚਲੂਲੜੇ ਆਤਮ ਰੰਗ ਖਿੜਦੇ ਹਨ, ਤਦੋਂ ਤਿਨ੍ਹਾਂ ਆਤਮ ਰੰਗਾਂ ਵਿਚ ਰੰਗੀਜੀ ਬਿਰਤੀ ਵਿਚ ਬਤੀਤੇ ਰੈਣ ਦਿਵਸ ਅਤਿ ਸੁਹਾਵੜੇ ਅਤੇ ਰਸ-ਭਿੰਨੜੇ ਹੋ ਜਾਂਦੇ ਹਨ। "ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ" ਵਾਲੇ ਗੁਰਵਾਕ ਦੇ ਭਾਵ ਵਾਲੇ ਹੋ ਜਾਂਦੇ ਹਨ। ਅੱਖੀਆ ਪ੍ਰੇਮ-ਕਸਾਈਆਂ ਅਤੇ ਅੰਮ੍ਰਿਤ-ਰਸ-ਰਮਨਾਈਆਂ ਹੋ ਜਾਂਦੀਆਂ ਹਨ। ਹਿਰਦਾ ਕੰਵਲ ਖਿੜ ਕੇ ਅੰਮ੍ਰਿਤ-ਰਸ-ਜੋਤਿ ਜਗੰਨਾ, ਮਹਾਂ ਅਨੰਦ ਸਾਦ ਸੁਪ੍ਰਸੰਨਾ ਹੋ ਜਾਂਦਾ ਹੈ। ਜਲਵ ਜਮਾਲ ਰਤੰਨੜੇ ਚਰਨ ਕਮਲਾਂ ਦਾ ਵਿਗਸ-ਵਿਗਾਸੀ ਨਿਵਾਸ ਹਿਰਦੇ ਨੂੰ ਹੋਰ ਭੀ ਪ੍ਰਫੁਲਤ ਕਰ ਦਿੰਦਾ ਹੈ। "ਚਰਣ ਕਮਲ ਸੰਗਿ ਪ੍ਰੀਤਿ" ਦਾ ਪ੍ਰੇਮ-ਖੇੜਾ ਅਤੇ ਪ੍ਰੀਤਿ-ਪਿਰੰਮੜੀ-ਰਸ-ਜਫੜੀਆਂ ਦਾ ਲਪਟ-ਲਪਟੇੜਾ ਏਸ ਅਨੂਪਮ ਆਤਮ ਬਿਵਸਥਾ ਵਿਚ ਹੀ ਖੇਡ ਕੇ ਬੱਝਦਾ ਹੈ। ਪ੍ਰਿਤਮ ਪ੍ਰਭੂ, ਪ੍ਰਮਾਤਮਾ ਅਤੇ ਪ੍ਰੀਤਮ ਮਨ-ਮੋਹਨੜੇ, ਘਟਿ ਸੋਹਨੜੇ, ਪ੍ਰਾਨ ਅਧਾਰੜੀਏ, ਸੁੰਦਰ ਸੋਭ ਅਪਾਰੜੀਏ, ਲਾਲ ਗੋਪਾਲ ਦਇਆਲ ਗੋਬਿੰਦ ਸੰਗਿ ਗੰਢਿ-ਪੀਡੜੀ-ਪ੍ਰੀਤਿ ਦੇ ਪ੍ਰਭਾਵ ਕਰਕੇ "ਕਲਮਲ ਪਾਪ ਟਰੇ", ਕਲੀਕਾਲ ਦੀ ਮੈਲ ਵਾਲੇ ਪਾਪ ਸਾਰੇ ਟਲ ਜਾਂਦੇ ਹਨ, ਦੂਖ ਭੂਖ ਦਲਿਦਰ ਸਭਿ ਨਠ ਜਾਂਦੇ ਹਨ ਅਤੇ ਪਰਮਾਰਥ ਦਾ ਕਸ਼ਫ਼ ਕਸ਼ਾਫ਼ੀ ਪੁਨੀਤ ਮਾਰਗ ਪ੍ਰਗਟ ਪਾਹਾਰੇ ਰੌਸ਼ਨ ਜਾਪਣ ਲਗ ਪੈਂਦਾ ਹੈ।

ਸਾਧ ਸੰਗਮੀ ਮਿਲਾਪ ਕਰਕੇ ਨਾਮ ਰੰਗਾਨੀ ਆਤਮ ਇਨਕਸ਼ਾਫ਼ (ਜਹੂਰ) ਸਹਿਜੇ ਹੀ ਹੋਇ ਆਵੰਦਾ ਹੈ। ਲੋੜਿੰਦੜੇ ਜਾਨੀ ਪ੍ਰੀਤਮ ਸਾਜਨੜੇ ਸੁਆਮੀ ਵਾਹਿਗੁਰੂ ਨੂੰ ਪਾ ਲਈਦਾ ਹੈ ਅਤੇ ਤਿਸ ਜਾਨੀਅੜੇ ਦਾ ਸਾਂਗੋ ਪਾਂਗ ਦਰਸ ਦਰਸਾ ਲਈਦਾ ਹੈ, ਜਿਸ ਦਰਸ਼ਨ ਨੂੰ ਦੇਖ ਕੇ ਚਿਰਾਂ ਦੀ ਚਿਤਵੀ ਇਛਿਆ ਪੁਗ ਖਲੋਂਦੀ ਹੈ। ਇਸ ਬਿਧਿ ਇਛ-ਪੁੰਨੜੇ-ਚਰਨ-ਕੰਵਲ-ਮਤ੍ਰਿਜਾਰੀਆਂ ਅਤੇ ਦਰਸਨ-ਲਿਵ-ਮਗਨਾਰੀਆਂ ਦੀਆਂ ਸਾਰੀਆਂ ਕੁਲਾਂ ਭੀ ਤਰ ਜਾਂਦੀਆਂ ਹਨ ਤੇ ਉਹ ਖ਼ੁਦ ਉਸ ਲਿਵ ਬਿਵਸਥਾ ਵਿਚ ਭੀ ਦਿਨ ਰਾਤ ਨਾਮ ਸਿਮਰਨ ਦੇ ਆਨੰਦ ਵਿਚ ਮਫ਼ਤੂਨ ਰਹਿੰਦੇ ਹਨ। ਐਸੇ ਰਾਮ ਪਿਆਰੇ ਅਨਦਿਨ ਸਦਾ ਨਾਮ ਸਿਮਰਨ ਵਿਚ ਹੀ ਸਾਵਧਾਨ ਹੋ ਕੇ ਜਾਗਦੇ ਰਹਿੰਦੇ ਹਨ। ਅਤੇ ਓਹਨਾਂ ਦੇ ਹਿਰਦੇ ਚਰਨ ਕੰਵਲਾਂ ਦਾ ਧਿਆਨ ਹੀ ਰਹਿੰਦਾ ਹੈ। ਚਰਨ ਕੰਵਲਾਂ ਦਾ ਧਿਆਨ ਧਰਦੇ ਹੋਏ ਉਹ ਅਨੰਦ-ਅਹਿਲਾਦੀ-ਜਨ ਇਹੀ ਬੇਨਤੀਆਂ ਕਰਦੇ ਹਨ ਕਿ ਹੇ ਵਾਹਿਗੁਰੂ! ਤੂੰ ਸਾਥੋਂ ਇਕ ਖਿਨ ਭੀ ਨਾ ਬਿਸਰ ਜਾਈਂ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ:—

ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ ਪ੍ਰਭੁ ਬਿਸਰੁ ਨਾਹੀ ਇਕ ਖਿਨੋ ॥ ਆਸਾ ਛੰਤ ਮ: ੫, ੪੫੯

ਗੁਰਮਤਿ ਨਾਮ ਦਾ ਧਿਆਵਣਾ ਅਤੇ ਚਰਨ ਕੰਵਲਾਂ ਦਾ ਧਿਆਵਣਾ, ਨਾਮ ਦਾ ਜਪ ਸਿਮਰਨ ਕਰਨਾ ਅਤੇ ਚਰਨ ਕੰਵਲਾਂ ਦਾ ਜਾਪ ਸਿਮਰਨ, ਇਕੋ ਆਤਮ ਬਿਵਸਥਵੀ ਭਾਵ-ਅਰਥ ਰਖਦਾ ਹੈ। ਯਥਾ ਗੁਰਵਾਕ:—

ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥
ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰੁ ਉਤਰਹਿ ਪਾਰਿ ॥੧॥
(ਮਾਰੂ ਮਹਲਾ ੫, ਪੰਨਾ ੧੦੦੬)

ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥ ਜਿਸੁ ਸਿਮਰਤ ਅਵਗੁਣ ਸਭਿ ਢਕੀਐ ॥
ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥
[ਮਾਰੂ ਮਹਲਾ ੫ ਪੰਨਾ ੧੦੦੪

ਸੁਤੇ ਸਹਿਜ ਹੀ ਚਲਦਿਆਂ, ਤੁਰਦਿਆਂ, ਫਿਰਦਿਆਂ, ਉਠਦਿਆਂ, ਬਹਿੰਦਿਆਂ, ਸਉਂਦਿਆਂ, ਜਾਗਦਿਆਂ, ਸੁਤੇ ਹੋਏ ਭੀ, ਜਾਗਦੇ ਹੋਏ ਭੀ, ਹਿਰਦੇ ਅੰਦਰ ਜੋ ਗੁਰ-ਮੰਤ੍ਰ ਦਾ ਚਿਤਾਰਨਾ ਹੈ, ਇਹ ਚਰਨ


www.AKJ.Org

ਕੰਵਲਾਂ ਨੂੰ ਅੰਤਰਿ-ਆਤਮੇ ਉਤਾਰਨਾ ਹੈ। ਹਿਰਦੇ ਅੰਦਰ ਉਤਰੇ ਹੋਏ ਰਸ-ਜੋਤਿ-ਪ੍ਰਤਿਬਿੰਬਤ ਚਰਨ ਕੰਵਲਾਂ ਦਾ ਸੁਰਤਿ-ਸ਼ਬਦ-ਅਭਿਆਸੀ, ਜੋਤਿ-ਵਿਗਾਸੀ ਧਿਆਨ ਧਰਨਾ ਅੰਤਰਿ ਆਤਮੇ ਅਮਿਉ ਅਹਿਲਾਦੀ ਆਨੰਦ ਭੁੰਚਣਾ ਹੈ। ਇਸ ਬਿਧਿ ਚਰਨ ਕੰਵਲਾਂ ਦਾ ਅਮਿਉ-ਰਸ-ਗਟਾਕੀ-ਧਿਆਨ, ਚਰਨ ਕੰਵਲਾਂ ਦਾ ਭਜਣਾ ਹੈ। ਸੋਈ ਨਾਮ ਦਾ, ਰਸ-ਜੋਤਿ-ਪ੍ਰਕਾਸ਼ੀਏ ਨਾਮ ਦਾ ਜਪਣਾ ਹੈ। ਸੋਈ ਬਿਧਾਤਾ ਖਿਨ ਖਿਨ ਜਪ-ਅਭਿਆਸ ਵਿਚ ਆਇਆ ਸਭਿ ਭਰਮਾਂ ਤੇ ਅਉਗਣਾਂ ਨੂੰ ਦੂਰ ਕਰ ਦਿੰਦਾ ਹੈ ਅਤੇ ਸੋਈ ਉਰ-ਅੰਤਰ ਧਾਰੇ ਚਰਨ ਕੰਵਲਾਂ ਦਾ ਅੰਤਰਗਤ ਸਿਮਰਨ, ਧਿਆਨੁ, ਬਿਖਿਆ ਬਨ ਤੋਂ ਬੰਦ ਖਲਾਸ ਕਰ ਕੇ ਜੀਵ-ਆਤਮਾ ਦਾ ਉਧਾਰ ਕਰਦਾ ਹੈ। ਚਰਨ ਕਮਲਾਂ ਦਾ ਰਸਕ-ਬੈਰਾਗੀ ਹੋਏ ਬਾਝੋਂ, ਇਹ ਬਿਖਿਆ-ਬਨ, ਬਿਖਿਆ-ਬਨ ਪਰਤੀਤ ਹੀ ਨਹੀਂ ਹੁੰਦਾ। ਸਗੋਂ:—

ਅੰਮ੍ਰਿਤ ਕਉਰਾ ਬਿਖਿਆ ਮੀਠੀ ॥ (ਪੰਨਾ ੮੯੨)

ਗੁਰਵਾਕ ਦੇ ਭਾਵ ਅਨੁਸਾਰ ਬਿਖਈ ਜੀਵਾਂ, ਸਾਕਤ ਪੁਰਸ਼ਾਂ ਨੂੰ, ਬਿਖਿਆ ਹੀ ਮਿੱਠੀ ਲਗਦੀ ਹੈ ਅਤੇ ਅੰਮ੍ਰਿਤ ਸਗੋਂ ਕਉੜਾ ਲਗਦਾ ਹੈ। ਜਿਹਾ ਕਿ:—

ਜੋ ਹਲਾਹਲ ਸੋ ਪੀਵੈ ਬਉਰਾ ॥ ਅੰਮ੍ਰਿਤੁ ਨਾਮੁ ਜਾਣੈ ਕਰਿ ਕਉਰਾ ॥ (ਪੰਨਾ ੧੮੦)

ਜੋ ਜਨ ਚਰਨ ਕੰਵਲਾਂ ਦੇ ਰਸਕ ਰਸਾਲ ਮਉਜੀ ਭੰਵਰੇ ਬਣ ਗਏ ਹਨ, ਉਹਨਾਂ ਨੂੰ ਇਸ ਰਸ ਮਉਜ ਤੋਂ ਬਿਹੂਣ ਹੋਰ ਕੁਛ ਸੁਝਦਾ ਹੀ ਨਹੀਂ, ਉਹਨਾਂ ਦੀ ਇਸ ਚਰਨ ਕੰਵਲ ਰਸਾਲੜੀ ਅਮੀ ਮਖਮੂਰ ਦਸ਼ਾ ਵਿਚੋਂ ਅੱਖ ਹੀ ਨਹੀਂ ਉਘੜਦੀ। ਅਜਿਹੇ ਰਸਕ-ਰੀਸਾਲੂ ਚਰਨ-ਕੰਵਲ-ਰਿਦ-ਧਿਆਨੀਆਂ ਤੋਂ ਵਾਹਿਗੁਰੂ ਇਕ ਛਿਨ ਭੀ ਦ੍ਰਿਸ਼ਟ ਅਗੋਚਰ ਨਹੀਂ ਹੁੰਦਾ, ਨਿਮਖ ਭਰ ਭੀ ਅੱਖੀਆਂ ਤੋਂ ਲਾਂਭੇ ਨਹੀਂ ਹੁੰਦਾ ਅਤੇ ਸਦਾ ਹੀ ਜੀਅ ਸੰਗਿ ਬਸਦਾ ਹੈ। ਉਹਨਾਂ ਦੀ ਇਹ ਬਿਵਸਥਾ ਹੋ ਜਾਂਦੀ ਹੈ, ਜੈਸਾ ਕਿ ਇਸ ਅਗਲੇ ਗੁਰਵਾਕ ਵਿਚ ਵਰਨਨ ਹੈ:—

ਬਿਸਰਤ ਨਾਹਿ ਮਨ ਤੇ ਹਰੀ ॥ ਅਬ ਇਹ ਪ੍ਰੀਤਿ ਮਹਾ ਪਰਬਲ ਭਈ ਆਨ ਬਿਖੈ ਜਰੀ ॥੧॥ ਰਹਾਉ ॥
ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥ ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ ॥੧॥
ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥ ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥
੨॥੧॥੧੯॥ ਕੇਦਾਰਾ ਮ: ੫, ਪੰਨਾ ੧੧੨੧

ਜਿਨ੍ਹਾਂ ਦੇ ਅੰਤਰ-ਆਤਮੇ ਚਰਨ ਰੀਸਾਲੜਿਆਂ ਦੀ ਗੰਢ ਬਝ ਗਈ, ਜੋ ਜਨ ਚਰਨ ਕੰਵਲਾਂ ਦੇ ਅੰਮ੍ਰਿਤ-ਰਸ ਵਿਚ ਸੁਰਤੀ ਬਿਰਤੀ ਕਰ ਕੇ ਗੁੰਨ੍ਹੇ ਗਏ, ਬਸ! ਓਹਨਾਂ ਤੋਂ ਅਸਲ ਅਰਥਾਂ ਵਿਚ ਇਕ ਖਿਨ ਮਾਤਰ ਭੀ ਵਾਹਿਗੁਰੂ ਨਹੀਂ ਵਿਸਰਦਾ। ਵਿਸਰੇ ਕਿਵੇਂ:—

"ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥"

ਦੇ ਪਰਭਾਵ ਕਰਕੇ ਚਰਨ ਕੰਵਲਾਂ ਦੀ ਪ੍ਰੀਤਿ, ਵਾਹਿਗੁਰੂ ਦਰਸ਼ਨ ਦੀ ਪ੍ਰੀਤਿ ਮਹਾਂ ਪ੍ਰਬਲ ਪਈ ਹੋਈ ਹੁੰਦੀ ਹੈ। ਇਸ ਮਹਾਂ ਪ੍ਰਬਲ ਪ੍ਰੀਤਿ ਦੇ ਬਿਸਮ ਰਸ, ਅਮਿਉ ਸੁਆਦ-ਅਹਿਲਾਦ ਵਿਚ ਪਾਗ ਕੇ ਹੀ ਅਭਿਆਸੀ ਜਨ ਦੀ ਬਿਰਤੀ ਅਜਿਹੀ ਅਡੋਲ ਹੋ ਜਾਂਦੀ ਹੈ ਕਿ ਉਸ ਦੇ ਹੋਰ ਬਿਖੇ ਰਸ ਸਭ ਜਲ ਕੇ ਦਘਧ ਹੋ ਜਾਂਦੇ ਹਨ। ਜਿਸ ਤਰ੍ਹਾਂ ਚਾਤ੍ਰਿਕ ਮੇਘੋਂ ਉਪਜੀ ਬਰਸੀ ਸੁਆਂਤ ਬੂੰਦ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ, ਜਿਵੇਂ ਮਛਲੀ ਜਲ ਬਿਹੂਨ ਇਕ ਘੜੀ ਭੀ ਜੀਉਂਦੀ ਨਹੀਂ ਰਹਿ ਸਕਦੀ, ਜਿਵੇਂ ਹਿਰਨ ਨਾਦ ਸੁਣ ਕੇ ਐਉਂ ਮੋਹਿਆ ਜਾਂਦਾ ਹੈ ਕਿ ਜਿਵੇਂ ਓਹ ਤਿਖੇ ਤੀਰਾਂ ਨਾਲ ਬਿੰਨ੍ਹਿਆ ਹੋਇਆ ਹੁੰਦਾ ਹੈ, ਏਵੇਂ ਚਰਨ ਕੰਵਲ ਰਸਾਲ ਦੇ ਅਤਿ ਮਿੱਠੇ ਅੰਮ੍ਰਿਤ-ਰਸ ਨਾਲ ਕੰਵਲ-ਬੇਧਾਰੀਆਂ ਦਾ ਹਿਰਦਾ ਗੁੰਨ੍ਹਿਆ ਜਾਂਦਾ ਹੈ ਅਤੇ ਪੀਡੀ ਰਸ ਬੱਝਵੀਂ ਗੰਢ ਨਾਲ ਬੰਨ੍ਹਿਆ ਜਾਂਦਾ ਹੈ ਅਤੇ ਚੰਦ ਚਕੋਰ ਗਤ ਵਤ ਅਹਿਨਿਸ਼ ਚਰਨ-ਕੰਵਲਾਰੀ-ਮਉਜ ਦਾ ਹੀ ਧਿਆਨੀ ਰਹਿੰਦਾ ਹੈ। ਇਸ ਆਤਮ ਅਰੂੜ ਅਵਸਥਾ ਵਿਖੇ ਉਹ ਇਉਂ ਕਹਿ ਕਹਿ ਅਨੰਦਤ ਹੁੰਦਾ ਹੈ:—

ਪੇਖਿ ਪੇਖਿ ਜੀਵਾ ਦਰਸੁ ਤੁਮਾਰਾ ॥ ਚਰਣ ਕਮਲ ਜਾਈ ਬਲਿਹਾਰਾ ॥੧॥ ਰਹਾਉ ॥ (ਪੰਨਾ ੭੪੩)



www.AKJ.Org

ਜਿਉਂ ਜਿਉਂ ਉਹ ਦਰਸ਼ਨ-ਸਉਜ ਦੀ ਮਉਜ ਵਿਚ ਮਗਨ ਹੁੰਦਾ ਹੈ, ਤਿਉਂ ਉਹ ਚਰਨ ਕੰਵਲਾਂ ਤੋਂ ਹੋਰ ਤੋਂ ਹੋਰ, ਵਧ ਤੋਂ ਵਧ, ਵਾਰਨੇ-ਬਲਿਹਾਰਨੇ ਜਾਂਦਾ ਹੈ। ਉਸ ਨੂੰ ਚਰਨ ਕੰਵਲਾਂ ਦੀ ਮਉਜ ਮਾਨਣ ਦਾ ਰਸ ਐਸਾ ਆਉਂਦਾ ਹੈ ਕਿ ਉਸ ਦੇ ਮੁਖੋਂ ਇਸ ਬਿਧਿ ਦੀਆਂ ਜੋਦੜੀਆਂ ਸੁਤੇ ਸੁਭਾਵ ਹੀ ਨਿਕਲਦੀਆਂ ਹਨ:—

ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਾਰੇ ॥ ਨਾਨਕੁ ਮਾਗੈ ਦਾਨੁ ਪਿਆਰੇ ॥੪॥੨੪॥੩੧॥

(ਸੂਹੀ ਮਹਲਾ ੫, ਪੰਨਾ ੭੪੩)

ਇਹ ਦਾਨ, ਦਾਤਾਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਮੰਗਤ ਜਨਾਂ ਦੀ ਅਤਿ ਉਚ ਉਚੇਰੀ ਜਾਚਨਾ ਹੈ ਕਿ ਹੇ ਵਾਹਿਗੁਰੂ! ਤੇਰੇ ਅਤਿ ਰਸ ਮਿੱਠੇ ਮਿਠੋਲੜੇ ਚਰਨ ਕੰਵਲ ਕਦੇ ਵੀ ਨਾ ਵਿਸਰਨ। ਸਦਾ ਹੀ ਆਦਿ ਅੰਤ ਚਰਨ ਕੰਵਲਾਂ ਦੀ ਮਉਜ ਹੀ ਬਣੀ ਰਹੇ। ਉਹਨਾਂ ਦਾ ਮਨ ਇਸ ਬਿਧਿ ਚਰਨ ਸਰਨ ਰਹਿ ਕੇ ਹੀ ਸਨਾਥ, ਸਫਲਾ ਅਤੇ ਭਾਗ ਸੁਲੱਖਣਾ ਹੁੰਦਾ ਹੈ। ਚਰਨ ਕੰਵਲਾਂ ਦੀ ਆਤਮ ਮਉਜ ਦੇ ਰੰਗਾਂ ਵਿਚ ਰੰਗੀਜ ਕੇ ਉਹ ਲਾਲ ਰਤੇ, ਲਾਲੋ ਲਾਲ ਹੋਏ ਰਹਿੰਦੇ ਹਨ, ਜੈਸਾ ਕਿ ਇਸ ਗੁਰ-ਪੰਗਤੀ ਦਾ ਭਾਵ ਹੈ:—

ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ (ਪੰਨਾ ੧੦੧੮)

ਇਸ ਬਿਧਿ ਪਰਮਾਤਮਾ ਦੇ ਰੰਗਾਂ ਵਿਚ ਲਾਲੋ ਲਾਲ ਹੋ ਕੇ ਉਹ ਚਰਨ ਕੰਵਲਾਂ ਨੂੰ ਹਰ ਦੰਮ ਹਿਰਦੇ ਅੰਦਰ ਵਸਾਈ ਰਖਦੇ ਹਨ। ਕਿਉਂ ਨਾ ਵਸਾਉਣ ? ਚਰਨ ਕੰਵਲਾਂ ਦਾ ਇਸ ਬਿਧਿ ਹੀਅਰੇ ਅੰਦਰਿ ਹਰ ਦੰਮ ਵਸਾਈ ਰਖਣਾ, ਉਹਨਾਂ ਦੇ ਜੀਐ ਦਾ ਆਧਾਰ ਹੋ ਜਾਂਦਾ ਹੈ। ਯਥਾ ਗੁਰਵਾਕ:—

ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ ॥੩॥ (ਆਸਾ ਮਹਲਾ ੫, ਪੰਨਾ ੪੦੫)

ਇਸ ਆਤਮ ਅਵਸਥਾ ਵਿਚ ਉਹਨਾਂ ਦਾ ਸਿਮਰਨ ਜੀਵਨ ਰੂਪ ਹੋ ਜਾਂਦਾ ਹੈ। ਨਾਮ ਦਾ ਸਿਮਰਨ ਤੇ ਚਰਨ ਕੰਵਲਾਂ ਦਾ ਸਿਮਰਨ ਸਮਸਰ ਰੰਗਾਂ ਵਾਲਾ ਸਿਮਰਨ ਹੋ ਜਾਂਦਾ ਹੈ। ਨਾਮ ਦਾ ਸਿਮਰਨ ਹੀ ਚਰਨ ਕੰਵਲਾਂ ਦਾ ਸਿਮਰਨ ਹੈ ਅਤੇ ਚਰਨ ਕੰਵਲਾਂ ਦਾ ਸਿਮਰਨ, ਨਾਮ ਦਾ ਸਿਮਰਨ, ਇਕੋ ਹੀ ਅਕਥਨੀਯ ਗੱਲ ਬਣ ਜਾਂਦੀ ਹੈ। ਸੁਆਸਾਂ ਦੇ ਅਰਧ ਉਰਧੀ ਅਤੇ ਉਰਧ ਅਰਧੀ (ਹੇਠਾਂ ਉਤਾਹਾਂ ਤੇ ਉਤਾਹਾਂ ਹੇਠਾਂ ਦੇ) ਖੜਗ ਖੜਕੇਸਵੇਂ ਅਭਿਆਸ ਨਾਲ "ਹਰਿ ਕਾ ਬਿਲੋਵਨਾ" ਬਿਲੋਇ ਕੇ ਜਦੋਂ ਅਭਿਆਸੀ ਜਨ ਸਿਮਰਨ-ਰਸ-ਜੀਅਰਨੀ-ਜੀਊਣੀ ਜੀਂਦੇ ਹਨ ਤਦੋਂ ਉਹ ਵਾਸਤਵ ਵਿਚ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਧੋਇ ਧੋਇ ਪੀਂਦੇ ਹਨ।

ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥੧॥

(ਸੂਹੀ ਮ: ੫, ਪੰਨਾ ੪੭੦)

ਗੁਰਵਾਕ ਦਾ ਇਹ ਅਕਸ ਮਾਤ੍ਰ ਹੀ ਅਨੁਵਾਦ ਹੈ। ਉਸ ਦੀ ਤਤ ਅਵਸਥਾ ਦਾ ਵਰਣਨ ਅਤੀ ਕਠਿਨ ਹੈ। ਅੰਮ੍ਰਿਤ ਨਾਮ ਦੇ ਅਭਿਆਸ ਨਾਲ ਖਿਚਿਆ ਹੋਇਆ ਜੋ ਸੁਆਸ ਘਟਿ-ਨਾਭ ਅੰਦਰਿ ਰਹਾਂਵਦਾ ਹੈ, ਸੋ ਅੰਮ੍ਰਿਤ-ਰਸ ਦੀ ਜੋਤਿ-ਕ੍ਰਾਂਤੀ-ਪਿਚਕਾਰੀ ਬਣ ਕੇ ਅੰਤਰੋਂ ਹੀ ਰਸ ਵਿਗਾਸੀ ਹੋਇ ਕੇ ਲਹਿਰਾਵੰਦਾ ਹੈ ਅਤੇ ਫੇਰ ਘਟਿ-ਨਾਭ ਅੰਤਰੋਂ ਲਿਵ-ਸੁਰਤ ਰਹਾਇਆ ਰਸ-ਪਵਨ-ਝਕੋਲੜਾ ਸੁਆਸੁ ਅਮਿਉ-ਜੋਤਿ-ਰਤੰਨੜਾ ਅਤੇ ਭਰਿਆ ਭਕੁੰਨੜਾ ਉਰਧਗਾਮੀ ਹੋ ਕੇ ਜਦੋਂ ਉਪਰ ਨੂੰ ਖਿਚੀਂਦਾ ਹੈ, ਤਦੋਂ ਰਸਨ-ਰਸੰਨੜਾ ਹੋ ਕੇ ਵਿਗਸਦਾ ਹੈ। ਅਭਿਆਸੀ ਜਨ ਦਾ ਇਹ ਲਿਵਤਾਰੀ ਰਸ-ਸਿਮਰਨ ਅਭਿਆਸ-ਬਿਲੋਵਨਾ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਧੋਇ ਧੋਇ ਕੇ ਪਿਆਵਣਹਾਰਾ ਬਣ ਜਾਂਦਾ ਹੈ। ਸੋ ਜਿਉਂ ਜਿਉਂ ਅਭਿਆਸੀ ਜਨ ਸਿਮਰਨ ਰਸ ਨੂੰ ਪੀਵੰਦੇ ਹਨ, ਤਿਉਂ ਤਿਉਂ ਚਰਨ ਕੰਵਲਾਂ ਨੂੰ ਅੰਤਰ ਆਤਮੇ ਧੋਇ ਧੋਇ ਰਸੀਵੰਦੇ ਹਨ; ਚਰਨ-ਕੰਵਲ-ਰਸ-ਗਟਾਕ ਰੱਸ ਰੱਸ ਕੇ ਭੁੰਚੀਵੰਦੇ ਹਨ। ਨਾਮ ਅਭਿਆਸ ਦਾ ਹਰੇਕ ਰਸ, ਪਉਨ ਖਿਚਵਾਂ ਅਰਧ ਉਰਧੀ ਸੁਆਸ ਅਤੇ ਰਸ ਰਸਨ ਬਿਲੋਵਨ ਬਿਲੋਇਨੀ ਅਭਿਆਸ, ਪਵਨ ਦਾ ਫੁਰਾਟ ਰਿਦੰਤਰਿ ਵਸੇ ਵਾਹਿਗੁਰੂ-ਚਰਨਾਂ ਨੂੰ

[ਬਾਕੀ ਦੇਖੋ ਸਫ਼ਾ ੧੬ ਹੇਠ]



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਉਸ ਦੇ ਕਾਰਨ

[ਵਲੋਂ:–ਗਿ: ਗੋਪਾਲ ਸਿੰਘ ਜੀ 'ਮਿੱਤਰ', ਮਾਲਬ, ਗੁੜਗਾਉਂ]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜੋਤਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੇਸ਼ ਧਰਮ ਲਈ ਦਿਤੀ ਅਦੁੱਤੀ ਸ਼ਹਾਦਤ ਲਈ ਆਮ ਤੌਰ ਤੇ ਸਮਕਾਲੀ ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਉਸ ਦੇ ਦਿਵਾਨ 'ਚੰਦੂ' ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਪ੍ਰੰਤੂ ਖੋਜ ਅਨੁਸਾਰ ਇਸ ਸ਼ਹੀਦੀ ਦੀ ਵਡੀ ਜ਼ਿੰਮੇਵਾਰੀ ਇਕ ਹੋਰ ਵਿਅਕਤੀ ਤੇ ਪੈਂਦੀ ਹੈ, ਜਿਸ ਦਾ ਜ਼ਿਕਰ ਲੇਖ ਦੇ ਅੰਤ ਵਿਚ ਕੀਤਾ ਜਾ ਰਿਹਾ ਹੈ। ਇਸ ਮਹਾਨ ਕੁਰਬਾਨੀ ਦੇ ਭੇਦ ਨੂੰ ਸਮਝਣ ਲਈ ਆਦਿ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਸਮੇਂ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤਕ ਚਲਦੀ ਆਈ ਲਹਿਰ 'ਗੁਰਮਤਿ ਵੀਚਾਰ ਧਾਰਾ' ਅਤੇ ਇਸ ਦੇ ਵਿਰੋਧੀ ਤੱਥਾਂ ਨੂੰ ਸਮਝਣ ਦੀ ਲੋੜ ਹੈ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਤੋਂ ਭੁੱਲੇ, ਜਾਤਿ ਅਭਿਮਾਨ ਦੇ ਰੋਗ ਵਿਚ ਗ੍ਰਸੇ, ਈਰਖਾ ਵਹਿਣ ਵਿਚ ਵਹਿ ਰਹੇ, ਤਅੱਸੁਬ ਤੇ ਤੰਗ ਨਜ਼ਰੀ ਦੀ ਦਲਦਲ ਵਿਚ ਫਸੇ, ਵਰਨ ਵੰਡ ਦੇ ਚਿੱਕੜ ਵਿਚ ਖੁੱਭੇ ਸੰਸਾਰੀ ਜੀਵਾਂ ਦੇ ਉਧਾਰ ਲਈ ੨੩ ਸਾਲਾਂ ਦਾ ਲੰਮਾ ਅਰਸਾ ਦੇਸ਼ ਵਿਦੇਸ਼ਾਂ ਵਿਚ ਫਿਰ ਕੇ ਸਾਢੇ ਬਾਈ ਹਜ਼ਾਰ ਮੀਲ ਦਾ ਪੈਦਲ ਸਫਰ ਕੀਤਾ ਤੇ "ਏਕ ਪਿਤਾ ਏਕਸ ਕੇ ਹਮ ਬਾਰਿਕ" ਦਾ ਰੂਹਾਨੀ ਸੰਦੇਸ਼ ਸੰਸਾਰ ਨੂੰ ਦਿਤਾ। ਨੇਕੀ ਤੇ ਸਚਾਈ ਦੇ ਰਾਹ ਤੇ ਪਾਇਆ। ਇਸ ਦੀ ਝਲਕ ਸਮੇਂ ਸਮੇਂ ਅਨੁਸਾਰ ਉਨ੍ਹਾਂ ਦੀ ਉਚਾਰੀ ਬਾਣੀ ਵਿਚੋਂ ਪ੍ਰਤੱਖ ਨਜ਼ਰ ਪੈਂਦੀ ਹੈ। ਇਸ ਸਮੇਂ ਜੋਗ ਮੱਤ ਤੇ ਇਸਲਾਮ ਦਾ ਬੋਲ-ਬਾਲਾ ਸੀ। ਹਿੰਦੂਆਂ ਦੀ ਅਗਵਾਈ ਬ੍ਰਾਹਮਣ ਸ਼ਰੇਣੀ ਦੇ ਹੱਥ ਸੀ। ਗੁਰੂ ਨਾਨਕ ਵੀਚਾਰਧਾਰਾ ਦਾ ਅਸਰ ਇਨਾਂ ਤੇ ਪੈਣਾ ਸੁਭਾਵਕ ਸੀ, ਇਨ੍ਹਾਂ ਸ਼੍ਰੇਣੀਆਂ ਨੇ ਇਸ ਵੀਚਾਰਧਾਰਾ ਦੀ ਵਿਰੋਧਤਾ ਕੀਤੀ, ਪਰ ਗੁਰੂ ਨਾਨਕ ਦੇਵ ਜੀ ਨੇ ਬੇਪ੍ਰਵਾਹ ਹੋ ਕੇ ਆਪਣੇ ਇਸ ਇਲਾਹੀ ਮਿਸ਼ਨ ਨੂੰ ਭਾਰਤ ਤੋਂ ਬਾਹਰ, ਅਰਬ, ਲੰਕਾ, ਚੀਨ, ਰੂਸ, ਅਫਗਾਨਿਸਤਾਨ ਆਦਿ ਦੇਸ਼ਾਂ ਵਿਚ ਵਧ ਚੜ੍ਹ ਕੇ ਪਰਚਾਰਿਆ ਅਤੇ ਆਉਣ ਵਾਲੇ ਸਮੇਂ ਲਈ ਇਸ ਵੀਚਾਰਧਾਰਾ ਦੇ ਸੋਮੇ ਨੂੰ ਚਲਦਾ ਰੱਖਣ ਵਾਸਤੇ ਆਪਣਾ ਉਤਰ-ਅਧਿਕਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਥਾਪਿਆ।

ਗੁਰੂ ਅੰਗਦ ਸਾਹਿਬ ਨੇ ਲੰਗਰ ਦੀ ਪੱਕੀ ਪ੍ਰਥਾ ਕਾਇਮ ਕਰ ਕੇ ਇਸ ਵੀਚਾਰਧਾਰਾ ਦੇ ਪ੍ਰਚਾਰਨ ਵਿਚ ਵੱਡਾ ਯੋਗਦਾਨ ਪਾਇਆ। ਇਸ ਸਮੇਂ ਵੀ ਵਿਰੋਧਤਾ ਜਾਰੀ ਰਹੀ, ਪਰ ਰਾਜਸੀ ਸਥਿਤੀ ਟਿਕਾਉ ਵਿਚ ਹੋਣ ਕਰਕੇ ਇਹ ਵਿਚਾਰਧਾਰਾ ਵਧਦੀ ਫੁਲਦੀ ਰਹੀ। ਸ੍ਰੀ ਗੁਰੂ ਅਮਰ ਦਾਸ ਜੀ ਦੇ ਸਮੇਂ ਤਾਂ ਇਸ ਦੀ ਸੁਗੰਧੀ ਦੂਰ ਦੂਰ ਤਕ ਫੈਲੀ। ਗੁਰੂ ਜੀ ਨੇ ਆਪ ਪ੍ਰਚਾਰ-ਵਹੀਰ ਲੈ ਕੇ ਤੀਰਥਾਂ ਦਾ ਰਟਨ ਕਰਦਿਆਂ ਇਸ ਦਾ ਘੇਰਾ ਚੋੜਾ ਕਰਨ ਲਈ ੨੨ ਮੰਜੀਆਂ ਤੇ ੭੨ ਪੀੜ੍ਹੀਆਂ (ਇਸਤ੍ਰੀਆਂ ਵਿਚ ਗੁਰਮਤਿ ਪ੍ਰਚਾਰ ਲਈ) ਅਸਥਾਪਨ ਕੀਤੀਆਂ। ਇਨ੍ਹਾਂ ਵਿਚ ਇਕ 'ਅਲਾ ਯਾਰ ਖਾਂ' ਨਾਮੀ ਮੁਸਲਮਾਨ ਦਾ ਨਾਮ ਵੀ ਇਤਿਹਾਸ ਵਿਚ ਆਇਆ ਹੈ। ਆਪ ਨੇ ਸਾਂਝੇ ਲੰਗਰ, ਸਾਂਝੀ ਪੰਗਤ ਦਾ ਅਸੂਲ ਬਣਾ ਕੇ ਵਰਨ-ਵੰਡ ਤੇ ਨਸਲੀ ਵਿਤਕਰੇ ਦਾ ਭੇਦ-ਭਾਵ ਮਿਟਾ ਦਿਤਾ। ਇਸ ਗੁਰਮਤਿ ਪ੍ਰਚਾਰ ਨੇ ਚਲਦੀਆਂ ਹੋਰ ਸਾਮਰਾਜ ਲਹਿਰਾਂ, ਬ੍ਰਾਹਮਣ-ਵਾਦ, ਜੋਗ ਮਤ, ਸਖ਼ੀ ਸਰਵਰ ਦੀ ਪੂਜਾ ਆਦਿ ਉਤੇ ਕਰੜੀ ਸੱਟ ਮਾਰੀ। ਇਸ ਦੇ ਚੰਗੇ ਅਸੂਲਾਂ ਤੋਂ ਪ੍ਰੇਰਤ ਹੋ ਕੇ ਬਹੁਤੇ ਲੋਕ ਗੁਰਮਤਿ ਧਾਰਨੀ ਬਣਦੇ ਗਏ। ਗੁਰੂ ਅਮਰਦਾਸ ਜੀ ਦੇ ਆਪਣੇ ਸੇਵਾ ਸਿਮਰਨ, ਤਪ ਤਿਆਗ, ਸ਼ੁਧ ਆਚਾਰ ਵੀਚਾਰ ਅਤੇ ਉਚਾਰਣ ਕੀਤੀ ਬਾਣੀ ਦੇ ਪ੍ਰਭਾਵ ਨੂੰ ਸੰਸਾਰੀ ਲੋਕਾਂ ਨੇ ਕਾਫੀ ਹੱਦ ਤਕ ਕਬੂਲਿਆ। ਭਾਵੇਂ ਬ੍ਰਾਹਮਣਾਂ, ਸਖ਼ੀ ਸਰਵਰ ਦੇ ਪੈਰੋਕਾਰਾਂ ਆਦਿ ਨੇ ਸਮਕਾਲੀ ਬਾਦਸ਼ਾਹ ਅਕਬਰ



www.AKJ.Org

ਤਕ ਸ਼ਿਕਾਇਤਾਂ ਪੁਚਾਈਆਂ, ਪਰ ਉਹ ਸਫਲ ਨਾ ਹੋ ਸਕੇ ਤੇ ਇਹ ਗੁਰਮਤਿ ਪ੍ਰਚਾਰ ਲਹਿਰ ਹੋਰ ਤੇਜ਼ ਹੁੰਦੀ ਗਈ।

ਚੌਥੀ ਜੋਤਿ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਾਂ ਇਸ ਲਹਿਰ ਨੂੰ ਵਧਣ ਫੂਲਣ ਦਾ ਕਾਫੀ ਸਮਾਂ ਮਿਲਿਆ, ਕਿਉਂਕਿ ਅਕਬਰ ਬਾਦਸ਼ਾਹ ਇਕ ਸੁਲਹ-ਕੁਲ ਬਾਦਸ਼ਾਹ ਸੀ ਤੇ ਉਹ ਇਸ ਵੀਚਾਰਧਾਰਾ ਦੇ ਅਸੂਲਾਂ ਨੂੰ ਪਸੰਦ ਕਰਦਾ ਸੀ ਤੇ ਇਸ ਦੇ ਸੰਬੰਧ ਵੀ ਦੋਹਾਂ ਗੁਰ-ਵਿਅਕਤੀਆਂ ਨਾਲ ਚੰਗੇਰੇ ਸਨ। ਗੁਰੂ ਰਾਮਦਾਸ ਜੀ ਨੇ ਇਸ ਲਹਿਰ ਦੇ ਵਿਕਾਸ ਲਈ ਇਕ ਧਾਰਮਕ ਕੇਂਦਰ ਅਸਥਾਪਨ ਕਰਨ ਵਲ ਧਿਆਨ ਦਿਤਾ ਤੇ ਇਤਿਹਾਸ ਅਨੁਸਾਰ ਪਿੰਡ 'ਤੁੰਗ' ਦੇ ਜ਼ਿਮੀਦਾਰਾਂ ਤੋਂ ਜ਼ਮੀਨ ਖਰੀਦ ਕੇ 'ਚੱਕ ਰਾਮਦਾਸ' ਨਗਰ ਵਸਾਇਆ। ਇਸ ਨਗਰ ਦਾ ਨਾਮ ਬਾਅਦ ਵਿਚ 'ਰਾਮਦਾਸਪੁਰ' ਪਿਆ ਤੇ ਹੁਣ ਉਹ ਸ੍ਰੀ ਅੰਮ੍ਰਿਤਸਰ ਨਾਮ ਕਰਕੇ ਪ੍ਰਸਿਧ ਹੈ। ਇਸ ਨਗਰ ਵਿਚ ੨੨ ਕਿਤਿਆਂ ਦੇ ਲੋਗ ਵਸਾਏ ਗਏ ਤੇ ਇਹ ਨਗਰ ਭਾਰਤ ਵਿਚ ਵਪਾਰ ਦਾ ਇਕ ਭਾਰੀ ਕੇਂਦਰ ਬਣਿਆ। ਇਥੇ ਹੀ ਆਪ ਨੇ ਗੁਰਮਤਿ ਦੇ ਰੂਹਾਨੀ ਸੰਦੇਸ਼ ਦੇ ਵਾਧੇ ਲਈ ਇਕ ਸਾਂਝੇ ਮੰਦਰ ਦੀ ਬੁਨਿਆਦ ਰੱਖੀ, ਜਿਸ ਵਿਚ "ਖਤ੍ਰੀ ਬ੍ਰਾਹਮਣ ਸੂਦ ਵੈਸ਼ ਉਪਦੇਸੁ ਚਹੁ ਵਰਨਾ ਕਉ ਸਾਝਾ"* ਪ੍ਰਾਪਤ ਹੋਵੇ। ਤਾਲ ਪੁਟਵਾ ਕੇ ਉਸ ਦੇ ਵਿਚਕਾਰ ਇਕ ਥੜਾ ਬਣਵਾਇਆ ਜਿਸ ਤੇ ਬਿਰਾਜ ਕੇ ਆਪ ਸੰਗਤਾਂ ਨੂੰ ਨਾਮ ਦਾਨ, ਜੀਅ ਦਾਨ ਦੀ ਬਖਸ਼ਸ਼ ਕਰਿਆ ਕਰਦੇ ਸਨ। ਇਸੇ ਥੜ੍ਹੇ ਵਾਲੀ ਥਾਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚਾਰੇ ਵਰਨਾਂ ਨੂੰ ਖੁਲ੍ਹ ਦੇਣ ਲਈ ਚਾਰ ਦਰਵਾਜ਼ਿਆਂ ਵਾਲਾ ਹਰਿਮੰਦਰ ਰਚਿਆ, ਜੋ ਸੰਸਾਰ ਵਿਚ ਗੋਲਡਨ ਟੈਂਪਲ ਕਰਕੇ ਪ੍ਰਸਿਧ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਵੀ ਵਿਰੋਧੀਆਂ ਵਲੋਂ ਗੁਰਮਤਿ ਪ੍ਰਚਾਰ ਲਹਿਰ ਨੂੰ ਸਮਾਪਤ ਕਰਨ ਦੀ ਕੋਸ਼ਿਸ਼ ਜਾਰੀ ਰਹੀ, ਪਰ ਉਨ੍ਹਾਂ ਨੂੰ ਹਰ ਸਮੇਂ ਨਾਕਾਮੀ ਦਾ ਮੂੰਹ ਵੇਖਣਾ ਪਿਆ, ਭਾਵੇਂ 'ਬੀਰਬਲ' ਨਾਮੇ ਬ੍ਰਾਹਮਣ ਜੋ ਅਕਬਰ ਦੇ ਮੂੰਹ ਚੜ੍ਹਿਆ ਦਰਬਾਰੀ (ਵਜ਼ੀਰ) ਸੀ, ਬ੍ਰਾਹਮਣਾਂ ਦਾ ਪੱਖ ਕਰਦਾ ਹੋਇਆ ਬਾਦਸ਼ਾਹ ਦੇ ਕੰਨ ਭਰਦਾ ਰਿਹਾ, ਪਰ ਉਸ ਦੀ ਕੋਈ ਪੇਸ਼ ਨਾ ਗਈ ਤੇ ਕੋਈ ਵੀ ਰੁਕਾਵਟ ਪੇਸ਼ ਨਾ ਆਈ।

**ਸ਼ਹੀਦੀ ਦੇ ਕਾਰਨ–**

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਛੋਟੇ ਸਾਹਿਬਜ਼ਾਦੇ (ਸ੍ਰੀ ਗੁਰੂ) ਅਰਜਨ ਦੇਵ ਜੀ ਨੂੰ ਆਪ ਹੀ ਗੁਰਿਆਈ ਦੀ ਗੱਦੀ ਤੇ ਸੁਭਾਇਮਾਨ ਕਰ ਕੇ ਜੋਤੀ ਜੋਤਿ ਸਮਾ ਗਏ, ਜਿਸ ਨੂੰ ਉਨ੍ਹਾਂ ਦਾ ਵਡਾ ਪੁੱਤਰ ਬਾਬਾ ਪ੍ਰਿਥੀ ਚੰਦ ਜਰ ਨਾ ਸਕਿਆ ਤੇ ਆਪਣੇ ਆਪ ਨੂੰ ਗੁਰਗੱਦੀ ਦਾ ਵਾਰਸ ਮੰਨਵਾਣ ਲਈ ਘਰੋਗੀ ਲੜਾਈ ਸ਼ੁਰੂ ਕਰ ਦਿੱਤੀ। ਉਸ ਨੇ ਸਿੱਖ ਵਰਗਲਾਏ, ਚੜ੍ਹਾਵੇ ਲੁੱਟੇ। ਲੰਗਰ ਬੰਦ ਕਰਾਉਣ ਦੀ ਕੋਝੀ ਹਰਕਤ ਆਦਿ ਕੋਸ਼ਿਸ਼ਾਂ ਕਰਦਾ ਰਿਹਾ। ਇਸ ਸਮੇਂ ਅਕਬਰ ਦੇ ਮਰ ਜਾਣ ਤੇ ਜਹਾਂਗੀਰ ਤਖਤ ਦਾ ਵਾਰਸ ਬਣਿਆ ਸੀ, ਜੋ ਵਧੇਰੇ ਕਟੜ, ਮੁਤਅੱਸਬੀ ਤੇ ਸ਼ਰਈ ਮੁਸਲਮਾਨ ਸੀ, ਐਸ਼-ਪ੍ਰਸਤ ਤੇ ਸ਼ਰਾਬੀ ਹੋਣ ਕਰਕੇ ਬਦ-ਕਿਰਦਾਰ ਵੀ ਸੀ। ਇਸ ਸਮੇਂ ਨੂੰ ਆਪਣੇ ਲਈ ਵਧੇਰੇ ਚੰਗਾ ਜਾਣ ਕੇ ਪ੍ਰਿਥੀ ਚੰਦ ਨੇ ਕਈ ਢੰਗਾਂ ਨਾਲ ਬਾਦਸ਼ਾਹ ਦੇ ਕੰਨ ਭਰਨੇ ਸ਼ੁਰੂ ਕੀਤੇ, ਪਰ ਵਧੇਰੇ ਸਫਲਤਾ ਪ੍ਰਾਪਤ ਨਾ ਹੋਈ। ਸੁਬਹੀ ਤੇ ਸੁਲਹੀ ਖ਼ਾਨ ਨੂੰ ਵੀ ਚੜ੍ਹਾ ਕੇ ਲਿਆਇਆ, ਪਰ ਇਹ ਰਾਹ ਵਿਚ ਆਪਣੀ ਮੌਤੇ ਆਪ ਮਰ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਕੁਝ ਨਾ ਵਿਗਾੜ ਸਕਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੋਵਰ (ਰਾਮਦਾਸ ਸਰੋਵਰ) ਅਤੇ ਸ੍ਰੀ ਹਰਿਮੰਦਰ ਦੀ ਸਥਾਪਨਾ ਤੋਂ ਬਾਅਦ ਵੱਡਾ ਕੰਮ ਇਹ ਕੀਤਾ ਕਿ ਆਦਿ ਸਤਿਗੁਰੂ ਜੀ ਤੋਂ ਲੈ ਕੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਭਾਵ ਚਹੁੰ ਗੁਰੂ ਜੋਤਾਂ ਦੀ ਬਾਣੀ, ਇਕੱਤਰ ਕਰ ਕੇ ਅਤੇ ਭਾਰਤ ਅੰਦਰ ਹੋਏ ਅਧਿਆਤਮਕ ਤ

*ਸੂਹੀ ਮ: ੫, ਪੰਨਾ ੭੪੭



www.AKJ.Org

ਅਨੁਭਵੀ ਸੰਤਾਂ ਦੀ ਬਾਣੀ ਮਿਲਾ ਕੇ ਆਪਣੀ ਬਾਣੀ ਸਹਿਤ ਭਾਈ ਗੁਰਦਾਸ ਜੀ ਨੂੰ ਲਿਖਾਰੀ ਦੀ ਸੇਵਾ ਦੇ ਕੇ ਇਕ ਮਹਾਨ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਤਿਆਰ ਕੀਤਾ ਤੇ ਸ੍ਰੀ ਹਰਿਮੰਦਰ ਵਿਚ ਪ੍ਰਕਾਸ਼ ਕਰ ਦਿਤਾ, ਜਿਸ ਨਾਲ ਸਿਖ ਅਹਿਲੇ ਮਜ਼ਹਬ ਦੇ ਨਾਲ ਅਹਿਲੇ ਕਿਤਾਬ ਵੀ ਬਣ ਗਏ। ਇਸ ਗ੍ਰੰਥ ਦੀ ਹੋਂਦ ਅਨਮਤੀਆਂ ਦੀ ਅੱਖਾਂ ਵਿਚ ਰੜਕਣ ਲਗ ਪਈ ਸੀ। ਇਸ ਸਮੇਂ ਤਕ ਗੁਰੂ ਪਾਤਸ਼ਾਹ ਜੀ ਨੇ ਰਾਮ ਸਰ, ਸੰਤੋਖ ਸਰ, ਬਿਬੇਕ ਸਰ, ਤਰਨ ਤਾਰਨ ਆਦਿ ਸਰੋਵਰ ਵੀ ਬਣਵਾ ਲਏ ਸਨ। ਗੁਰੂ ਜੀ ਦੀ ਇਸ ਪ੍ਰਤਿਭਾ ਅਤੇ ਵਡਿਆਈ ਨੂੰ ਵੈਰੀ ਕਿਥੋਂ ਤਕ ਜਰ ਸਕਦੇ ਸਨ। ਪ੍ਰਿਥੀ ਚੰਦ ਦਾ ਵਿਰੋਧ ਵੀ ਜਾਰੀ ਸੀ।

ਅਕਬਰ ਦੇ ਜੀਵਨ ਦੇ ਅੰਤਲੇ ਸਾਲਾਂ ਵਿਚ ਇਕ ਇਸਲਾਮੀ 'ਨਕਸ਼ਬੰਦੀ' ਲਹਿਰ ਉਭਰੀ ਸੀ, ਜਿਸ ਦਾ ਆਗੂ ਖ਼ਾਜਾ ਮੁਹੰਮਦ ਬਾਕੀਬਿੱਲਾ ਸੀ, ਜਿਸ ਨੇ ਸ਼ੇਖ ਅਹਿਮਦ ਮੁਜੱਦਦ ਅਲਫ ਬਾਨੀ ਸਰਹੰਦੀ ਨੂੰ ਆਪਣਾ ਸੇਵਕ ਬਣਾ ਕੇ ਸਰਹੰਦ ਵਿਚ ਇਸਲਾਮ ਦਾ ਕੇਂਦਰ ਥਾਪਣ ਲਈ ਭੇਜਿਆ। ਉਸ ਨੇ ਆਸ ਪਾਸ ਇਸ ਦਾ ਬਹੁਤ ਪ੍ਰਚਾਰ ਕੀਤਾ। ਇਹ ਸ਼ੇਖ ਅਹਿਮਦ ਹਿੰਦੂ ਮਤ ਦਾ ਜਾਨੀ ਦੁਸ਼ਮਨ ਸੀ। ਇਸ ਨੇ ਆਪਣੀਆਂ ਚਿਠੀਆਂ ਵਿਚ, ਜਿਨ੍ਹਾਂ ਦੇ ਸੰਗ੍ਰਹਿ ਦਾ ਨਾਮ 'ਮਕਤੂਬਾਤਿ ਇਮਾਮ ਰਬਾਨੀ' ਹੈ, ਹਿੰਦੂਆਂ ਨੂੰ ਕਾਫ਼ਰ, ਕੁੱਤੇ, ਰੱਬ ਦੀ ਕਮੀਨੀ ਮਖਲੂਕ, ਖ਼ੁਦਾ ਤੇ ਪੈਗ਼ੰਬਰ ਦੇ ਜਾਨੀ ਦੁਸ਼ਮਣ ਕਹਿ ਕੇ ਦਿਲ ਦਾ ਗ਼ੁਬਾਰ ਕਢਿਆ ਹੈ, ਤੇ ਥਾਂ ਥਾਂ ਤੇ ਇਨ੍ਹਾਂ (ਹਿੰਦੂਆਂ) ਨੂੰ ਦੁਰੇ ਦੁਰੇ ਤੇ ਬੇਇਜ਼ਤ ਕਰਨ ਅਤੇ ਇਨ੍ਹਾਂ ਨਾਲ ਬਦ-ਸਲੂਕੀ ਕਰਨ ਲਈ ਮੁਸਲਮਾਨਾਂ ਨੂੰ ਪ੍ਰੇਰਿਆ ਹੈ। ਇਹ ਮਾਨਵਤਾ ਤੋਂ ਗਿਰਿਆ ਮਨੁੱਖ ਸਿਖੀ ਵਿਚਾਰਧਾਰਾ ਨੂੰ ਵੀ ਸਮਾਪਤ ਕਰਨ ਲਈ ਅੰਦਰੋ ਅੰਦਰ ਕੁੜ੍ਹਦਾ ਰਿਹਾ। ਅਕਬਰ ਦੇ ਵੇਲੇ ਤਾਂ ਇਸ ਦੀ ਦਾਲ ਨਾ ਗਲੀ, ਪਰ ਉਸ ਦੀ ਮੌਤ ਨੇੜੇ ਜਾਣ ਕੇ ਇਸ ਨੇ ਅਕਬਰ ਦੇ ਪੁਤ ਸਲੇਮ (ਜਹਾਂਗੀਰ) ਨੂੰ ਰਾਜ-ਗੱਦੀ ਦਿਵਾਣ ਲਈ ਸਹਾਇਤਾ ਦਾ ਭਰੋਸਾ ਦਿਵਾਇਆ ਤੇ ਇਕਰਾਰ ਲਿਆ ਕਿ ਜਹਾਂਗੀਰ ਬਾਦਸ਼ਾਹ ਬਣਨ ਉਪਰੰਤ ਇਸਲਾਮ ਦੇ ਵਾਧੇ ਲਈ ਇਸ ਨਕਸ਼-ਬੰਦੀ ਲਹਿਰ ਨੂੰ ਪੂਰਾ ਸਹਿਯੋਗ ਦੇਵੇਗਾ।

ਅਕਬਰ ਦੀ ਰਾਜ-ਗੱਦੀ ਦੇ ਦੋ ਦਾਅਵੇਦਾਰ ਸਨ.ਜਹਾਂਗੀਰ ਅਤੇ ਜਹਾਂਗੀਰ ਦਾ ਪੁੱਤਰ ਖ਼ੁਸਰੋ। ਅਕਬਰ ਚਾਹੁੰਦਾ ਸੀ ਕਿ ਰਾਜ ਖੁਸਰੋ ਨੂੰ ਦਿਤਾ ਜਾਵੇ, ਜੋ ਕਿ ਚੰਗੇ ਗੁਣਾਂ ਵਾਲਾ ਸ਼ਹਿਜ਼ਾਦਾ ਸੀ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਸ਼ੇਖ਼ ਅਹਿਮਦ ਸਰਹੰਦੀ ਤੇ ਉਸ ਦੀ ਜੁੰਡਲੀ ਜਿਸ ਵਿਚ ਸ਼ੇਖ ਫ਼ਰੀਦ ਬੁਖ਼ਾਰੀ, ਜੋ ਬਾਅਦ ਵਿਚ ਮੁਰਤਜ਼ਾ ਖ਼ਾਨ ਦੇ ਨਾਮ ਨਾਲ ਜਹਾਂਗੀਰ ਦਾ ਦਰਬਾਰੀ ਥਾਪਿਆ ਗਿਆ, ਦੀ ਸਹਾਇਤਾ ਨਾਲ ਜਹਾਂਗੀਰ ਬਾਦਸ਼ਾਹੀ ਤਖ਼ਤ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ, ਤੇ ਬਾਦਸ਼ਾਹ ਬਣ ਗਿਆ। ਏਧਰ ਸ਼ਹਿਜ਼ਾਦਾ ਖੁਸਰੋ ਨੇ ਆਗਰੇ ਤੋਂ ਬਗਾਵਤ ਕਰ ਦਿਤੀ ਤੇ ਸਾਥੀਆਂ ਸਮੇਤ ਲਾਹੌਰ ਵੱਲ ਨੱਸ ਗਿਆ ਤੇ ਗੋਇੰਦਵਾਲ ਦੇ ਪੱਤਣ ਤੋਂ ਬਿਆਸਾ ਲੰਘਦਾ ਅੱਗੇ ਚਲਾ ਗਿਆ। ਕਈ ਇਤਿਹਾਸਕਾਰਾਂ ਨੇ ਟਪਲਾ ਖਾ ਕੇ ਗੋਇੰਦਵਾਲ ਪੱਤਣ ਪਾਰ ਕਰਦੇ ਸਮੇਂ ਇਸ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮੇਲ ਲਿਖਿਆ ਹੈ ਅਤੇ ਇਹ ਵੀ ਲਿਖਿਆ ਹੈ ਕਿ ਗੁਰੂ ਜੀ ਨੇ ਇਸ ਦੇ ਮੱਥੇ ਤੇ ਕੇਸਰ ਦਾ ਤਿਲਕ ਲਾਇਆ, ਜੋ ਸਰਾਸਰ ਝੂਠ ਹੈ। ਪੁਸਤਕ 'ਅਸ਼ਟ ਗੁਰ ਚਮਤਕਾਰ' ਕ੍ਰਿਤ ਭਾਈ ਵੀਰ ਸਿੰਘ ਜੀ ਦੇ ਭਾਗ ਦੂਜਾ ਪੰਨਾ ੯੧ ਦੇ ਪੈਰ-ਟੂਕ ਵਿਚ ਲਿਖਿਆ ਹੈ ਕਿ ਗੁਰੂ ਪਾਤਸ਼ਾਹ ਉਸ ਸਮੇਂ 'ਨੱਕੇ' ਤਰਨ ਤਾਰਨ ਵੱਲ ਗਏ ਹੋਏ ਸਨ। ਇਹ ਇਕ ਸਰਹੰਦੀ ਤੇ ਉਸਦੀ ਚੰਡਾਲ ਚੌਕੜੀ ਦਾ ਰਚਿਆ ਖੜਯੰਤ੍ਰ ਹੈ। ਜਹਾਂਗੀਰ ਦੀ ਆਪਣੀ ਲਿਖੀ ਪੁਸਤਕ 'ਤੋਜ਼ਕੇ ਜਹਾਂਗੀਰੀ' ਵਿਚ ਲਿਖਿਆ ਹੈ ਕਿ ੬ ਅਪ੍ਰੈਲ ੧੬੦੬ ਨੂੰ ਖੁਸਰੋ ਬਾਗੀ ਹੋ ਕੇ ਨੱਸਦਾ ਹੈ ਤੇ ੨੭ ਅਪ੍ਰੈਲ ਨੂੰ ਲਾਹੌਰ ਕੋਲ ਪਕੜ੍ਹਿਆ ਜਾਂਦਾ ਹੈ। ਪਿੱਛੇ ਪਿੱਛੇ ਆਪ ਜਹਾਂਗੀਰ ਪੜਾਅ ਕਰਦਾ ਆ ਰਿਹਾ ਹੈ। ਲਾਹੌਰ ਪੁਜਣ ਤਕ ਬਾਦਸ਼ਾਹ ਨੂੰ ਗੁਰੂ ਅਰਜਨ ਸਾਹਿਬ ਅਤੇ ਖੁਸਰੋ ਦੇ ਮੇਲ ਦੀ ਕੋਈ ਖ਼ਬਰ ਨਹੀਂ ਮਿਲਦੀ। ਉਹ ਨਾਲ ਨਾਲ ਖੁਸਰੋ ਦੀ ਸਹਾਇਤਾ ਕਰਨ ਵਾਲਿਆਂ ਨੂੰ ਸਜ਼ਾਵਾਂ ਦੇਈ ਜਾਂਦਾ ਹੈ। ੨੯ ਅਪ੍ਰੈਲ ਤੋਂ ੭ ਮਈ ਤਕ ਉਹ ਲਾਹੌਰ


www.AKJ.Org

ਠਹਿਰਦਾ ਹੈ, ਪਰ ਇੱਥੇ ਵੀ ਖ਼ੁਸਰੋ ਤੇ ਸਤਿਗੁਰੂ ਜੀ ਦੇ ਮੇਲ ਦੀ ਸੋਅ ਕੰਨੀਂ ਨਹੀਂ ਪੈਂਦੀ। ਇਹ, ਖ਼ੁਸਰੋ ਤੇ ਉਸ ਦੇ ੭੦੦ ਸਾਥੀਆਂ ਨੂੰ (ਅਲਫ਼ਿਨਸਟਨ ਅਨੁਸਾਰ) ਦਿੱਲੀ ਲਿਆ ਕੇ ਸਖ਼ਤ ਸਜ਼ਾਵਾਂ ਦੇਂਦਾ ਹੈ, ਖ਼ੁਸਰੋ ਦੀਆਂ ਅੱਖਾਂ ਕੱਢਵਾ ਦੇਂਦਾ ਹੈ ਤੇ ਉਸ ਦੇ ਸਾਥੀਆਂ ਨੂੰ ਕਤਲ ਕਰਵਾ ਕੇ ਦਰਵਾਜ਼ਿਆਂ ਤੇ ਟੰਗਵਾ ਦੇਂਦਾ ਹੈ। ਇਤਨੇ ਤਕ ਉਸ ਨੂੰ ਸਤਿਗੁਰੂ ਜੀ ਦੇ ਵਿਰੁੱਧ ਕੋਈ ਖ਼ਬਰ ਨਹੀਂ ਮਿਲਦੀ । ੧੩ ਦਿਨ ਹੋਰ ਬੀਤਣ ਤੋਂ ਬਾਅਦ, ਉਹ ਗੁਰੂ ਜੀ ਦੀ ਸ਼ਹੀਦੀ ਦਾ ਹੁਕਮ ਲਿਖਦਾ ਹੈ ਤੇ ਇਕ ਮਹੀਨੇ ਦੇ ਅੰਦਰ ਅੰਦਰ ਭਾਵ ੨੯ ਮਈ ੧੬੦੬ ਨੂੰ ਚਾਰ ਪੰਜ ਦਿਨ ਅਸਹਿ ਤੇ ਅਕਹਿ ਕਸ਼ਟ ਦੇ ਕੇ ਸਤਿਗੁਰੂ ਜੀ ਨੂੰ ਸ਼ਹੀਦ ਕਰ ਦਿਤਾ ਜਾਂਦਾ ਹੈ।

ਪੜਚੋਲ ਤੋਂ ਇਹ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਗੁਰੂ ਜੀ ਦੀ ਸ਼ਹੀਦੀ ਦਾ ਵੱਡਾ ਮੁਖ ਪਾਤਰ ਸ਼ੇਖ ਅਹਿਮਦ ਸਰਹੰਦੀ ਹੀ ਹੈ, ਜਿਸ ਨੇ ਗੁਰਮਤਿ ਵੀਚਾਰਧਾਰਾ ਦੇ ਵਗ ਰਹੇ ਚਸ਼ਮੇ ਸਦਾ ਲਈ ਬੰਦ ਕਰਨ ਦੀ ਨਾਪਾਕ ਘਾੜਤ ਘੜੀ ਤੇ ਸਾਜ਼ਸ਼ ਬਣਾਈ। ਜਹਾਂਗੀਰ ਦੇ ਕਟੜ ਮੁਸਲਮਾਨ ਹੋਣ ਦਾ ਨਜਾਇਜ ਫ਼ਾਇਦਾ ਉਠਾਇਆ ਤੇ ਉਸ ਦੇ ਮੋਢੇ ਰਖ ਕੇ ਬੰਦੂਕ ਚਲਾਈ ਹੈ। ਜਹਾਂਗੀਰ ਨੂੰ ਸਤਿਗੁਰੂ ਜੀ ਬਾਰੇ ਇਤਨੀਆਂ ਗ਼ਲਤ ਖ਼ਬਰਾਂ ਦਿਤੀਆਂ ਗਈਆਂ ਕਿ ਉਨ੍ਹਾਂ ਖ਼ਬਰਾਂ ਦੀ ਬਿਨਾ ਤੇ ਜਹਾਂਗੀਰ ਨੇ 'ਤੋਜ਼ਕੇ ਜਹਾਂਗੀਰੀ' ਵਿਚ ਗੁਰੂ ਅਰਜਨ ਦੇਵ ਜੀ ਨੂੰ ਕੁਫ਼ਰ ਦੀ ਦੁਕਾਨ ਅੱਤੇ ਫ਼ਰੇਬ ਤੇ ਠੱਗੀ-ਪਸੰਦ-ਲੋਕਾਂ ਦਾ ਗੁਰੂ ਕਰ ਕੇ ਲਿਖਿਆ ਹੈ। ਇਹ ਸਭ ਕੁਝ ਸ਼ੇਖ ਅਹਿਮਦ ਸਰਹੰਦੀ ਦੀ ਤਅਸੁਬ ਭਰੀ ਨੀਤੀ ਦਾ ਹੀ ਸਿੱਟਾ ਹੈ। ਇਸ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਉਣ ਲਈ ਖ਼ੁਸਰੋ ਨੂੰ ਸਹਾਇਤਾ ਤੇ ਉਸ ਦੇ ਮੱਥੇ ਤੇ ਤਿਲਕ ਲਾਣ ਦਾ ਦੋਸ਼ ਲਗਾ ਕੇ ਸਤਿਗੁਰੂ ਜੀ ਨੂੰ ਗ੍ਰਿਫ਼ਤਾਰ ਕਰਵਾਇਆ ਤੇ ਚੰਦੂ ਦੁਸ਼ਟ, ਜੋ ਲੜਕੀ ਦਾ ਸਾਕ ਮੋੜੇ ਜਾਣ ਕਰਕੇ ਪਹਿਲੇ ਹੀ ਬਦਲਾ ਲੈਣ ਦਾ ਚਾਹਵਾਨ ਸੀ, ਦੀ ਰਾਹੀਂ ਪਹਿਲਾਂ ਦੇਗ ਦੇ ਉਬਲਦੇ ਪਾਣੀ ਵਿਚ ਪਾ ਕੇ, ਫੇਰ ਤੱਤੀ ਬਲਦੀ ਲੋਹ ਤੇ ਬਿਠਾ ਕੇ, ਸੀਸ ਤੇ ਗਰਮ ਕੀਤਾ ਹੋਇਆ ਬਲਦਾ ਰੇਤਾ ਪੁਆ ਕੇ ਚਾਰ ਪੰਜ ਦਿਨ ਲਗਾਤਾਰ ਤਸੀਹੇ ਤੇ ਕਸ਼ਟ ਦੇ ਕੇ ਅੰਤ ਨੂੰ ਸਰੀਰ ਨੂੰ ਵਧੀਕ ਕਸ਼ਟ ਪੁਚਾਉਣ ਲਈ ਰਾਵੀ ਦੇ ਵਗਦੇ ਪਾਣੀ ਵਿਚ ਸੁਟ ਦਿਤਾ ਗਿਆ, ਜਿੱਥੇ ਸਤਿਗੁਰੂ ਜੀ ਦੀ ਪਾਵਨ ਆਤਮਾ ਪੰਜ-ਭੂਤਕ ਦੇਹ ਵਿਚੋਂ ਨਿਕਲ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਸਮਾ ਗਈ। ਜਦ ਤਕ ਸੰਸਾਰ ਰਹੇਗਾ, ਐਸੇ ਦੁਸ਼ਟ ਆਤਮਾ ਸ਼ੇਖ ਅਹਿਮਦ ਸਰਹੰਦੀ, ਚੰਦੂ ਅਤੇ ਜਹਾਂਗੀਰ ਜਿਹਾ ਨੂੰ ਲਾਅਨਤਾਂ ਪੈਂਦੀਆਂ ਰਹਿਣਗੀਆਂ ਅਤੇ ਸੰਸਾਰ ਗੁਰੂ ਅਰਜਨ ਦੇਵ ਜੀ ਦੀ ਇਸ ਬੇਮਿਸਾਲ ਕੁਰਬਾਨੀ ਨੂੰ ਯਾਦ ਕਰ ਕਰ ਕੇ ਸ਼ਰਧਾ ਦੇ ਫੁੱਲ ਭੇਟ ਕਰਦਾ ਰਹੇਗਾ।

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ,
ਹਸ਼ਰ ਤਕ ਉਨ ਕਾ ਦੁਨੀਆ ਮੇਂ ਯਹੀ ਬਾਕੀ ਨਿਸ਼ਾਂ ਹੋਗਾ।

---

[੧੨ ਸਫ਼ੇ ਦੀ ਬਾਕੀ]

ਧੋਇ ਧੋਇ ਪੀਆਵਨਹਾਰਾ ਹੈ। ਇਵੇਂਹੇ ਪਵਨ ਅਭਿਆਸ ਦਾ ਪੱਖਾ ਝੱਲ ਕੇ ਅਭਿਆਸੀ ਜਨ ਅੰਤਰ ਵਸੇ, ਰਸ ਰਸੇ ਪਿਰੀ ਪ੍ਰੀਤਮ ਦੇ ਪੈਰਾਂ (ਚਰਨ-ਕੰਵਲਾਂ) ਦਾ ਝਲਣਾ ਕਰਦੇ ਹਨ :-

ਲੇ ਪਖਾ ਪ੍ਰਿਆ ਝਲਉ ਪਾਇ ॥ (ਪੰਨਾ ੩੯੪)

ਗੁਰ-ਪੰਗਤੀ ਦੀ ਇਹ ਗੋਝ ਆਤਮ ਰਮੂਜ਼ ਰਮਜ਼ਾਇਨੀ ਵਿਆਖਿਆ ਦਾ ਪੇਖਿ-ਵਰਤਿਆ ਪ੍ਰਮਾਰਥ ਹੈ। ਸੋ ਨਾਮ-ਅੰਮ੍ਰਿਤ-ਰਸ-ਰਸੀਏ ਅਭਿਆਸੀ ਜਨ ਜਦੋਂ ਸੁਆਸ ਅਭਿਆਸ ਦਾ ਰਿੜਕਣਾ ਰਿੜਕਦੇ ਹਨ, ਓਦੋਂ ਨਾਲੇ ਤਾਂ ਉਹ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਧੋਇ ਧੋਇ ਪੀਵੰਦੇ ਹਨ ਅਤੇ ਨਾਲੇ ਵਾਹਿਗੁਰੂ ਦੇ ਚਰਨਾਂ ਨੂੰ ਪੱਖਾ ਕਰ ਕਰ (ਬੀਜਨ ਢੋਲਾਇ ਢੋਲਾਇ) ਵਿਗਸੀਂਵਦੇ ਹਨ। ਇਹ ਨ ਕੇਵਲ ਸਿਮਰਨ ਹੈ, ਸਗੋਂ ਚਰਨ ਕੰਵਲਾਂ ਦਾ ਸੇਵਨ ਭੀ ਹੈ। ਇਹ ਕੇਵਲ ਸਿਮਰਨ ਰਸ ਪੀਵਨ ਹੀ ਨਹੀਂ, ਬਲਕਿ ਚਰਨ ਕੰਵਲ ਲਿਵ ਖੀਵਨ ਹੈ। ਇਉਂ ਇਸ ਅਚਰਜ ਗੁਰਮਤਿ ਨਾਮ ਦੀ ਅਚਰਜ ਸਿਮਰਨ-ਰੀਤਿ-ਲਿਵ, ਸਿਮਰਨ-ਹਾਰੇ ਦੀ ਚਰਨ ਕੰਵਲ ਸੰਗਿ ਡੋਰੀ ਵਾਲੀ ਚਰਨ-ਕੰਵਲਾਰੀ-ਅਨੂਠੀ ਪ੍ਰੀਤਿ ਉਪਜਾਉਂਦੀ ਹੈ ਅਤੇ ਪ੍ਰੀਤਮ ਦਾ ਮਿਲਾਪ ਸੁਰੱਚਨੀ ਅੰਚਲਾ ਗਹਾਉਂਦੀ ਹੈ।

[ਪੁਸਤਕ "ਚਰਨ ਕਮਲ ਦੀ ਮਉਜ" ਵਿਚੋਂ

www.AKJ.Org

# ਸ਼ਹੀਦਾਂ ਦੇ ਸਿਰਤਾਜ—ਸ੍ਰੀ ਗੁਰੂ ਅਰਜਨ ਦੇਵ ਜੀ

[ਵਲੋਂ—ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ. ਲਿਟ]

ਧਰਮ ਦੇ ਇਤਿਹਾਸ ਵਿਚ ਜੋ ਰੱਬੀ ਪਿਆਰ ਦੀਆਂ ਘਟਨਾਵਾਂ ਮਿਲਦੀਆਂ ਹਨ, ਉਹਨਾਂ ਵਿਚੋਂ ਕਦੇ ਸੂਲੀ ਸਲੀਬ ਤੇ ਕਦੇ ਫਾਂਸੀ ਦਾ ਤਖ਼ਤਾ ਪਰਖ ਦੇ ਤੌਰ ਤੇ ਪੇਸ਼ ਹੁੰਦਾ ਰਿਹਾ। ਸੂਲੀ ਤੇ ਚੜ੍ਹ ਜਾਣਾ, ਸਲੀਬ ਤੇ ਲਟਕਣਾ ਜਾਂ ਫਾਂਸੀ ਲਈ ਆਪਣੇ ਆਪ ਨੂੰ ਪੇਸ਼ ਕਰ ਦੇਣਾ ਕੋਈ ਸੌਖੀ ਜਿਹੀ ਖੇਡ ਨਹੀਂ ਹੈ, ਪਰ ਜੀਉਂਦਿਆਂ ਅੱਗ ਵਿਚ ਪਾ ਕੇ ਸਾੜੇ ਜਾਣਾ ਉਹਨਾਂ ਨਾਲੋਂ ਬਹੁਤ ਔਖੀ ਅਜ਼ਮਾਇਸ਼ ਹੈ।

ਅੱਗ ਦੇ ਵੀ ਕਿਸੇ ਬੇਅੰਤ ਵਡੇ ਭਾਂਬੜ ਵਿਚ ਇਕ-ਦਮ ਭਸਮ ਹੋ ਜਾਣਾ ਜਾਂ ਬੜੇ ਭਾਰੇ ਅੰਗਿਆਰਾਂ ਦੀ ਚਿਖਾ ਵਿਚ ਡਿਗਦਿਆਂ ਹੀ ਤੁਰਤ ਬੇਸੁਰਤ ਹੋ ਕੇ ਮਰਨਾ ਭਾਵੇਂ ਸੂਲੀ ਸਲੀਬ ਆਦਿਕ ਦੀਆਂ ਮੌਤਾਂ ਨਾਲੋਂ ਬਹੁਤ ਵਧੇਰੇ ਦੁਖਦਾਈ ਹੈ, ਪਰ ਇਹ ਕਸ਼ਟ ਉਸ ਕਸ਼ਟ ਨੂੰ ਨਹੀਂ ਅਪੜ ਸਕਦੇ ਜਿਥੇ ਕਿਸੇ ਮਹਾਂ-ਪੁਰਖ ਨੂੰ ਉਬਲਦੇ ਪਾਣੀ ਵਿਚ ਬਿਠਾ ਕੇ, ਫਿਰ ਤਪੀ ਹੋਈ ਲੋਹ ਉਤੇ ਬਿਠਾ ਕੇ, ਫਿਰ ਸੜਦੀ ਰੇਤ ਸਰੀਰ ਉਤੇ ਪਾ ਪਾ ਕੇ ਸਹਿਜੇ ਸਹਿਜੇ ਕਸ਼ਟ ਦੇ ਕੇ ਪ੍ਰੀਤ-ਪਰਖ ਵਿਚ ਪਾਇਆ ਜਾਵੇ।

ਦੁਨੀਆ ਦੇ ਧਰਮ-ਇਤਿਹਾਸ ਵਿਚ ਤਿੰਨ ਐਸੀਆਂ ਘਟਨਾਂ ਮਿਲਦੀਆਂ ਹਨ, ਜਿਥੇ ਜਰਵਾਣਿਆਂ ਨੇ ਰੱਬੀ ਪਿਆਰਿਆਂ ਨੂੰ ਇਹ ਚੋਣ ਕਰਨ ਦਾ ਸਮਾਂ ਦਿਤਾ ਕਿ ਜਾਂ ਸਾਡੀ ਈਨ ਮੰਨੋ ਜਾਂ ਅੱਗ ਦੀ ਮੌਤ ਕਬੂਲ ਕਰੋ। ਦੋ ਘਟਨਾਵਾਂ ਬਹੁਤ ਹੀ ਪੁਰਾਣੇ ਇਤਿਹਾਸ ਦੀਆਂ ਹਨ, ਤੇ ਇਕ ਨਵੇਂ ਇਤਿਹਾਸ ਦੀ। ਤਾਰੀਖ਼-ਵਾਰ ਇਹ ਸਾਕੇ ਹਰਨਾਖਸ਼ ਦੀ ਸਭਾ, ਨਮਰੂਦ ਦੀ ਕਚਹਿਰੀ ਅਤੇ ਲਾਹੌਰ ਦੇ ਮੁਗਲ ਦਰਬਾਰ ਵਿਚ ਹੋਏ।

ਪਹਿਲੇ ਦੋ ਸਾਕਿਆਂ ਵਿਚ ਅਤੇ ਤੀਜੇ ਵਿਚ ਬਹੁਤ ਹੀ ਫ਼ਰਕ ਹੈ।

ਜਦੋਂ ਪ੍ਰਹਿਲਾਦ ਦੇ ਸਾਹਮਣੇ ਥੰਮ੍ਹ ਤੱਤਾ ਕੀਤਾ ਗਿਆ, ਉਸ ਨੂੰ ਕਿਹਾ ਗਿਆ ਕਿ ਜਾਂ ਰਾਮ-ਨਾਮ ਛਡ ਜਾਂ ਲਾਲ ਥੰਮ੍ਹ ਨਾਲ ਜੱਫੀ ਪਾ। ਪ੍ਰਹਿਲਾਦ ਨੇ ਰਾਮ-ਨਾਮ ਛਡਣ ਤੋਂ ਇਨਕਾਰ ਕੀਤਾ, ਅਤੇ ਪ੍ਰਭੂ-ਪ੍ਰੀਤ ਤੋਂ ਜਿੰਦ ਵਾਰਨ ਲਈ ਥੰਮ੍ਹ ਵਲ ਵਧਿਆ। ਪਰ ਪਤਾ ਨਹੀਂ ਕਿਉਂ, ਮਾਲਕ ਦੀ ਇਉਂ ਹੀ ਰਜ਼ਾ ਸੀ, ਥੰਮ੍ਹ ਤੋਂ ਇਕ ਕੀੜੀ ਤੁਰਦੀ ਦਿਸ ਪਈ। ਪ੍ਰਹਿਲਾਦ ਨੇ ਥੰਮ੍ਹ ਨੂੰ ਜਾ ਜੱਫੀ ਪਾਈ, ਉਹ ਠੰਢਾ-ਠਾਰ ਸੀ।

ਨਮਰੂਦ ਦੀ ਕਚਹਿਰੀ ਵਿਚ ਹਜ਼ਰਤ ਇਬਰਾਹੀਮ ਨੂੰ ਆਖਿਆ ਗਿਆ ਕਿ ਖ਼ੁਦਾ ਦੀ ਬੰਦਗੀ ਛੱਡ ਜਾਂ ਭਖਦੇ ਅੰਗਾਰਾਂ ਵਿਚੋਂ ਦੀ ਲੰਘ, ਇਬਰਾਹੀਮ ਨੇ ਰੱਬ ਵਲੋਂ ਬੇ ਵਫ਼ਾ ਹੋਣ ਦੇ ਥਾਂ ਭਖਦੇ ਅੰਗਾਰਾਂ ਵਿਚ ਪੈਣਾ ਪਰਵਾਨ ਕਰ ਲਿਆ। ਇਤਿਹਾਸ ਦਸਦਾ ਹੈ ਕਿ ਇਬਰਾਹੀਮ ਨੇ ਜਦੋਂ ਪੈਰ ਅੱਗ ਵਿਚ ਧਰਿਆ ਤਾਂ ਉਹ ਗੁਲਾਬ ਦੇ ਫੁੱਲ ਬਣ ਗਈ। ਮਾਲਕ ਦੀ ਮਰਜ਼ੀ ਇਉਂ ਹੀ ਸੀ।

ਦੋਵੇਂ ਪ੍ਰੇਮੀ ਪ੍ਰੇਮ ਦੀ ਖੇਡ ਵਿਚ ਜਿੱਤ ਤਾਂ ਗਏ, ਪਰ ਇਹ ਗੱਲ ਅਜੇ ਨਿਰਣੇ-ਗੋਚਰੀ ਹੀ ਰਹਿ ਗਈ ਹੈ ਕਿ ਜੇ ਅੱਗ ਆਪਣਾ ਸੁਭਾਉ ਨਾ ਬਦਲਦੀ ਤਾਂ ਖ਼ਬਰੇ ਕੀ ਹੁੰਦਾ। ਜੇ ਅੱਗ ਸਚਮੁੱਚ ਅੱਗ ਹੀ ਰਹਿੰਦੀ ਤਾਂ ਖਬਰੇ ਸਿਦਕ ਨਿਭਦਾ ਕਿ ਨਾ ਨਿਭਦਾ।

ਲਾਹੌਰ ਦੇ ਦਰਬਾਰ ਵਿਚ ਗੁਰੂ ਅਰਜਨ ਸਾਹਿਬ ਦੀ ਰੱਬੀ ਪ੍ਰੀਤਿ ਦੀ ਪਰਖ ਨੇ ਇਹਨਾਂ ਸੰਸਿਆਂ ਦੀ ਗੁੰਜਾਇਸ਼ ਹੀ ਨਾ ਰਹਿਣ ਦਿਤੀ। ਅੱਗ ਨੇ ਆਪਣਾ ਪੂਰਾ ਜ਼ੋਰ ਲਾਇਆ। ਜਹਾਂਗੀਰ ਨੇ ਲਾਹੌਰ ਦੇ ਹਾਕਮ ਮੁਰਤਜ਼ਾ ਖ਼ਾਂ ਦੇ ਹਵਾਲੇ ਸਤਿਗੁਰੂ ਜੀ ਨੂੰ ਕਰ ਦਿਤਾ ਤੇ ਹੁਕਮ ਕੀਤਾ ਕਿ ਇਹਨਾਂ ਨੂੰ ਸਿਆਸਤ ਅਤੇ ਯਾਸਾ*

---

* ਯਾਸਾ ਦਾ ਇਹ ਕਾਨੂੰਨ ਮੰਗੋਲ ਕਬੀਲੇ ਦੇ ਹੁਕਮਰਾਨ ਚੰਗੇਜ਼ ਖ਼ਾਂ ਨੇ ੧੨੧੯ ਈਸਵੀ ਵਿਚ ਆਪਣੀ ਵਿਧਾਨ-ਸਭਾ ਵਿਚ ਤਿਆਰ ਕੀਤਾ ਸੀ। ਇਹ ਕਾਨੂੰਨ ਕਿਸੇ ਮਜ਼ਹਬੀ ਆਗੂ ਜਾਂ ਕਿਸੇ ਬਹੁਤ ਵੱਡੀ ਰੂਹਾਨੀ ਤਾਕਤ ਰਖਣ ਵਾਲੇ ਫ਼ਕੀਰ ਜਾਂ ਸੰਤ ਲਈ ਵਰਤਿਆ ਜਾਂਦਾ ਸੀ। ਜਦੋਂ ਕਿਸੇ ਐਸੇ ਵਿਅਕਤੀ ਦੀਆਂ ਹਰਕਤਾਂ ਨਿਰੋਲ ਰਾਜਨੀਤਕ ਹੋਣ ਤੇ ਹਕੂਮਤ ਦੇ ਕੰਮਾਂ ਵਿਚ ਰੁਕਾਵਟ ਪਾਉਂਦੀਆਂ ਹੋਣ ਤਾਂ ਉਸ ਨੂੰ ਮਾਰਨ ਲਈ ਉਸ ਦਾ ਪਵਿਤਰ ਖ਼ੂਨ ਜ਼ਮੀਨ ਤੇ ਡੁਲ੍ਹਣ ਨਾ ਦਿਤਾ ਜਾਏ ਅਤੇ ਪਾਣੀ ਵਿਚ ਉਬਾਲ ਕੇ ਹੋਰ ਕੋਈ ਤਸੀਹੇ ਦੇ ਕੇ ਦਰਿਆ ਦੇ ਡੂੰਘੇ ਪਾਣੀ ਵਿਚ ਸੁਟ ਕੇ ਸਰੀਰ ਦਾ ਅੰਤ ਕਰ ਦਿਤਾ ਜਾਵੇ।



www.AKJ.Org

# ਘੋਰ ਬੇਅਦਬੀ–ਗੁਰਬਾਣੀ ਲਿਖੇ ਪਤਰਿਆਂ ਦੇ ਲਫ਼ਾਫ਼ੇ ?

ਸਾਡੇ ਪਾਸ ਸ: ਤ੍ਰਿਲੋਕ ਸਿੰਘ ਜੀ (ਮੈ: ਸੰਤ ਸਿੰਘ ਤ੍ਰਿਲੋਕ ਸਿੰਘ ਵਾਲਿਆਂ) ਨੇ ਜਲੰਧਰ ਤੋਂ ਇਕ ਖ਼ਾਲੀ ਲਫ਼ਾਫਾ ਭੇਜਿਆ ਹੈ। ਇਹ ਲਫ਼ਾਫਾ ਸੁਖਮਨੀ ਸਾਹਿਬ ਦੇ ਛਪੇ ਹੋਏ ਕਾਗਜ਼ ਦਾ ਬਣਿਆ ਹੋਇਆ ਹੈ। ਉਹਨਾਂ ਇਕ ਸਬਜ਼ੀ ਵਾਲੇ ਦੁਕਾਨਦਾਰ ਤੋਂ ਸਬਜ਼ੀ ਲਈ, ਤਾਂ ਇਸ ਲਫ਼ਾਫੇ ਵਿਚ ਪਾ ਕੇ ਉਨ੍ਹਾਂ ਨੂੰ ਦਿਤੀ ਗਈ। ਇਸ ਨਾਲ ਦੇ ਗੁਰਬਾਣੀ ਦੇ ਛਪੇ ਹੋਏ ਹੋਰ ਲਫ਼ਾਫ਼ੇ ਵੀ ਉਨ੍ਹਾਂ ਉਸ ਦੁਕਾਨਦਾਰ ਤੋਂ ਮੁੱਲ ਤਾਰ ਕੇ ਪ੍ਰਾਪਤ ਕਰ ਲਏ। ਸ: ਤ੍ਰਿਲੋਕ ਸਿੰਘ ਜੀ ਜਲੰਧਰ ਦੇ ਲੋਕਲ ਸਿੱਖ ਆਗੂਆਂ ਤੇ ਅਖਬਾਰਾਂ ਪਾਸ ਵੀ ਜਾ ਕੇ ਫ਼ਰਿਆਦੀ ਹੋਏ, ਪਰ ਕਿਸੇ ਨੇ ਵੀ ਇਸ ਪਾਸੇ ਉਚੇਚਾ ਧਿਆਨ ਨਾ ਦਿਤਾ।

ਸਮੂਹ ਸੰਗਤਾਂ ਪਾਸ ਬੇਨਤੀ ਹੈ ਕਿ ਗੁਰਬਾਣੀ ਦਾ ਸਤਿਕਾਰ ਕਰਨਾ ਹਰ ਗੁਰਸਿਖ ਦਾ ਪਹਿਲਾ ਫ਼ਰਜ਼ ਹੈ। ਜਿਥੇ ਇਹ ਗੁਰਬਾਣੀ ਛਪਦੀ ਹੈ ਉਥੋਂ ਹੀ ਜਾਂ ਜਿਲਦਾਂ ਬੰਨ੍ਹਣ ਵਾਲੇ ਜਿਲਦਸਾਜ਼ਾਂ ਪਾਸੋਂ ਇਹ ਗੁਰਬਾਣੀ ਦੇ ਫ਼ਰਮੇ ਲਫ਼ਾਫ਼ੇ ਬਣਾਉਣ ਵਾਲਿਆਂ ਪਾਸ ਵਿਕਣ ਲਈ ਆਉਂਦੇ ਹਨ, ਭਾਵੇਂ ਉਥੋਂ ਕੋਈ ਕਰਿੰਦਾ ਦਾਅ ਲਾ ਕੇ ਇਹ ਕਾਗਜ਼ ਲਿਆਂਦਾ ਹੋਵੇ ਤੇ ਭਾਵੇਂ ਕਿਸੇ ਹੋਰ ਤਰ੍ਹਾਂ, ਪਰ ਇਹ ਹਰਕਤ ਹੈ ਬੜੀ ਸ਼ਰਮਨਾਕ। ਪ੍ਰੈਸਾਂ ਤੇ ਜਿਲਦਸਾਜ਼ਾਂ ਨੂੰ ਪੂਰੀ ਇਹਤਿਆਤ ਰਖਣੀ ਚਾਹੀਦੀ ਹੈ ਕਿ ਗੁਰਬਾਣੀ ਦਾ ਕੋਈ ਇਕ ਕਾਗਜ਼ ਵੀ ਦੁਕਾਨਾਂ ਤੇ ਵਿਕਣ ਲਈ ਨਹੀਂ ਜਾਣਾ ਚਾਹੀਦਾ। ਇਹ ਲਿਫ਼ਾਫ਼ੇ ਪੈਰਾਂ ਵਿਚ, ਰੱਦੀ ਵਿਚ ਅਤੇ ਗੰਦੀਆਂ ਥਾਵਾਂ ਵਿਚ ਸੁਟ ਦਿਤੇ ਜਾਂਦੇ ਹਨ। ਗੁਰਬਾਣੀ ਦਾ ਅਜਿਹਾ ਅਪਮਾਨ ਵੇਖ ਕੇ ਸਿੱਖ-ਹਿਰਦਾ ਕਿਵੇਂ ਬਰਦਾਸ਼ਤ ਕਰ ਸਕਦਾ ਹੈ ?

ਹਰੇਕ ਗੁਰਸਿਖ ਦਾ ਫ਼ਰਜ਼ ਬਣਦਾ ਹੈ ਕਿ ਜਿਥੇ ਕਿਤੇ ਵੀ ਗੁਰਬਾਣੀ ਦੇ ਲਫ਼ਾਫ਼ੇ ਆਦਿ ਬਣਦੇ ਵੇਖਣ ਉਥੋਂ ਪਤਾ-ਸੁਰ ਕਢਣ ਦਾ ਜਤਨ ਕਰਨ ਕਿ ਉਹ ਕਾਗਜ਼ ਕਿਹੜੀ ਥਾਂ ਤੋਂ ਆਏ ਹਨ। ਫਿਰ ਉਸ ਪ੍ਰੈਸ, ਦਫ਼ਤਰੀਖ਼ਾਨੇ ਜਾਂ ਦੁਕਾਨਦਾਰ ਪਾਸ ਜਾਣ ਅਤੇ ਅਸਲੀਅਤ ਪੁਛ ਕੇ ਪ੍ਰੇਮ-ਪਿਆਰ ਨਾਲ ਇਹ ਯਕੀਨ ਬਣਾਉਣ ਦਾ ਉਪਰਾਲਾ ਕਰਨ ਕਿ ਗੁਰਬਾਣੀ ਦਾ ਕੋਈ ਕਾਗਜ਼ ਵੀ ਪ੍ਰੈਸ ਜਾਂ ਦਫ਼ਤਰੀਖ਼ਾਨੇ ਤੋਂ ਬਾਹਰ ਨਾ ਜਾਵੇ। ਜੇ ਕੋਈ ਕਾਗਜ਼ ਛਪਾਈ ਆਦਿ ਦੇ ਕਾਰਨ ਖ਼ਰਾਬ ਹੋ ਗਿਆ ਹੋਵੇ ਜਾਂ ਫਟ ਗਿਆ ਹੋਵੇ ਜਾਂ ਕੋਈ ਫ਼ਰਮੇ ਵਧ ਘਟ ਜਾਣ ਨਾਲ ਕੁਝ ਕਾਗਜ਼ ਵਾਧੂ ਬਚ ਗਏ ਹੋਣ ਤਾਂ ਉਨ੍ਹਾਂ ਦਾ ਪੂਰਨ ਸਤਿਕਾਰ ਸਹਿਤ ਸਸਕਾਰ ਕਰ ਦਿਤਾ ਜਾਵੇ।

ਅਖ਼ੀਰ ਵਿਚ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਗੁਰਦੁਆਰਾ ਕਮੇਟੀਆਂ ਤੇ ਸਿਖ ਸੰਸਥਾਵਾਂ ਪਾਸ ਵੀ ਬੇਨਤੀ ਕਰਾਂਗੇ ਕਿ ਉਹ ਵੀ ਸਿਖ ਸੰਗਤਾਂ ਨੂੰ ਪ੍ਰੇਰਨ ਕਿ ਲੋਕੀਂ ਗੁਰਬਾਣੀ ਦੇ ਛਪੇ ਹੋਏ ਕਾਗਜ਼ ਬਜ਼ਾਰਾਂ ਵਿਚ ਨਾ ਵੇਚਣ ਅਤੇ ਗੁਰਬਾਣੀ ਦੀ ਬੇਅਦਬੀ ਕਰਨ ਦੇ ਭਾਗੀ ਨਾ ਬਣਨ। ਗੁਰਬਾਣੀ ਦਾ ਸਤਿਕਾਰ ਕਾਇਮ ਰਖਣ ਵਿਚ ਹੀ ਸਿਖ ਕੌਮ ਦੀ ਤਾਕਤ ਤੇ ਚੜ੍ਹਦੀ ਕਲਾ ਦਾ ਭੇਤ ਲੁਕਿਆ ਹੋਇਆ ਹੈ।

---

ਦੇ ਕਾਨੂੰਨ ਅਨੁਸਾਰ ਦੰਡ ਦਿਤਾ ਜਾਏ। ਤੁਜ਼ਕ ਵਿਚ ਲਿਖਦਾ ਹੈ :–

ਫ਼ਰਮੂਦਮ ਕਿ ਊ ਰਾ ਬ-ਸਿਆਸਤੋ ਯਾਸਾ ਰਸਾਨੰਦ।

(ਭਾਵ, ਹੁਕਮ ਦਿਤਾ ਕਿ ਉਸ ਨੂੰ ਸਿਆਸਤ ਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦਿਤਾ ਜਾਏ।)

ਚੰਦੂ ਨੇ ਸਤਿਗੁਰੂ ਜੀ ਨੂੰ ਉਬਲਦੀ ਦੇਗ ਵਿਚ ਬਿਠਾਇਆ, ਤਪਦੀ ਲੋਹ ਉਤੇ ਬਿਠਾਇਆ, ਤਪਦੀ ਰੇਤ ਦੇ ਕੜਛੇ ਸਰੀਰ ਉਤੇ ਪਵਾਏ। ਤਿੰਨੇ ਦਿਨ ਇਹ ਤਸੀਹੇ ਦਿਤੇ ਜਾਂਦੇ ਰਹੇ।

ਇਸ ਵਾਰ ਅੱਗ ਨਾ ਠੰਢੀ ਯਖ ਬਣੀ, ਨਾ ਗੁਲਾਬ ਦੇ ਫੁੱਲ ਬਣੀ। ਸਗੋਂ ਭੱਠੀ ਵਿਚ ਦਾਣੇ ਭੁੰਨਣ ਵਾਲੀ ਤੇ ਦੇਗਾਂ ਵਿਚ ਚੋਲ ਉਬਾਲਣ ਵਾਲੀ ਅੱਗ ਹੀ ਰਹੀ। ਜਗਤ ਦਾ ਇਹ ਭਰਮ ਭੀ ਮਿਟ ਗਿਆ ਕਿ ਅੱਗ ਜੇ ਸਚਮੁਚ ਅੱਗ ਹੀ ਟਿਕੀ ਰਹੇ ਤਾਂ ਪਤਾ ਨਹੀਂ ਆਸ਼ਿਕ ਸਿਦਕ ਵਿਚ ਪੱਕੇ ਰਹਿਣ ਕਿ ਨਾ।

ਕਾਦਰ ਦੀ ਇਹ ਆਪਣੀ ਰਜ਼ਾ ਸੀ ਕਿ ਉਸ ਨੇ ਇਹ ਸਭ ਤੋਂ ਵਧੀਕ ਉਚੇਰਾ ਚਾਨਣ-ਮੁਨਾਰਾ ਕਾਇਮ ਕਰਨਾ ਸੀ।

[ਅਣਛਪੀ ਪੁਸਤਕ "ਬਾਬਾਣੀਆਂ ਕਹਾਣੀਆਂ" ਵਿਚੋਂ

www.AKJ.Org

# ਤਮਾਕੂ ਪੀਣ ਬਾਰੇ ਨਵੀਂ ਲਭੀ ਸਚਾਈ

ਅਮਰੀਕਾ ਦੇ ਫ਼ਰਵਰੀ ੧੯੮੧ ਦੇ "ਨਿਰੋਲ ਸੱਚ" (The Plain Truth) ਨਾਮੀ ਮਾਸਕ-ਪੱਤਰ ਵਿਚ ਜੈੱਫ਼ ਕਾਕਿਨਜ਼ ਨਾਮੀ ਸਾਇੰਸ-ਦਾਨ ਵਲੋਂ ਉਪਰੋਕਤ ਸਿਰਲੇਖ ਹੇਠ ਇੱਕ ਖੋਜ-ਪੱਤਰ ਛਪਿਆ ਹੈ, ਜਿਸ ਦਾ ਸਾਰੰਸ਼ ਮਨੁੱਖੀ ਸਮਾਜ ਦੇ ਭਲੇ ਲਈ ਹੇਠਾਂ ਦਿੱਤਾ ਜਾ ਰਿਹਾ ਹੈ।

ਲੇਖ ਦੇ ਅਰੰਭ ਵਿਚ ਮੋਟੇ ਅੱਖਰਾਂ ਵਿਚ ਹੇਠ ਲਿਖੇ ਵਾਕ ਛਪੇ ਹਨ :–

"**ਹੁਣ ਤੱਕ ਇਹ ਗੱਲ ਹਰ ਕੋਈ ਜਾਣਦਾ ਹੈ ਕਿ ਤਮਾਕੂ ਪੀਣਾ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਕ ਸਰਕਾਰੀ ਅਫਸਰ ਨੇ ਤਾਂ ਇਸ ਨੂੰ ਹੌਲੀ ਹੌਲੀ ਵਾਪਰਨ ਵਾਲਾ ਆਤਮਘਾਤ ਕਿਹਾ ਹੈ। ਹੁਣ ਕੁਝ ਹੋਰ ਨਵੇਂ ਤੱਥ ਸਾਹਮਣੇ ਆਏ ਹਨ। ਤਮਾਕੂ ਪੀਣਾ ਉਸ ਤੋਂ ਕਿਤੇ ਵਧ ਹਾਨੀਕਾਰਕ ਹੈ, ਜਿਤਨਾ ਲੋਕੀ ਸਮਝੀ ਬੈਠੇ ਹਨ।**"

ਅਗੇ ਮੂਲ ਲੇਖ ਅਰੰਭ ਹੁੰਦਾ ਹੈ :–

ਕੀ ਤਮਾਕੂ ਪੀਣ ਵਾਲਾ ਕੋਈ ਇਹੋ ਜਿਹਾ ਵਿਅਕਤੀ ਭੀ ਕਿਤੇ ਹੋਏਗਾ, ਜਿਸਨੂੰ ਇਹ ਪਤਾ ਨਾ ਹੋਵੇ ਕਿ ਤਮਾਕੂ ਪੀਣ ਨਾਲ ਉਸ ਦੀ ਸਿਹਤ ਨੂੰ ਭਿਆਨਕ ਨੁਕਸਾਨ ਪਹੁੰਚਦਾ ਹੈ ? ਸਿਹਤ ਦੀ ਸੰਭਾਲ ਹਿਤ ਤਮਾਕੂ ਸੇਵਨ ਵਿਰੁੱਧ ਕਈ ਪ੍ਰਕਾਰ ਦੀਆਂ ਚੇਤਾਵਨੀਆਂ ਦਿੱਤੀਆਂ ਜਾਂ ਚੁੱਕੀਆਂ ਹਨ, ਜਿਨ੍ਹਾਂ ਦੇ ਫਲ-ਸਰੂਪ ਤਮਾਕੂ ਪੀਣ ਵਾਲਿਆਂ ਦੀ ਗਿਣਤੀ ਕਾਫ਼ੀ ਘਟ ਗਈ ਹੈ। ਅਮਰੀਕਾ ਵਿਚ ਇਸ ਵੇਲੇ ਤਮਾਕੂ ਪੀਣ ਵਾਲਿਆਂ ਦੀ ਗਿਣਤੀ ਤਕਰੀਬਨ ੩੫ ਫ਼ੀ ਸਦੀ ਹੈ। ਏਨੀਆਂ ਚਿਤਾਵਨੀਆਂ ਦੇ ਬਾਵਜੂਦ ਭੀ ੩੫ ਫ਼ੀ ਸਦੀ ਅਮਰੀਕਨਾਂ ਨੇ ਤਮਾਕੂ ਪੀਣਾ ਨਹੀਂ ਛੱਡਿਆ।

ਇਸ ਦਾ ਭਾਵ ਇਹ ਹੋਇਆ ਕਿ ਕਈ ਵਿਅਕਤੀਆਂ ਨੂੰ ਆਪਣੀ ਸਿਹਤ ਬਾਰੇ ਕੋਈ ਫ਼ਿਕਰ-ਫ਼ਾਕਾ ਨਹੀਂ। ਉਹ ਤਮਾਕੂ ਪੀਣ ਦਾ ਛਿਨ-ਭੰਗਰ ਨਸ਼ਾ ਅਥਵਾ ਸੁਆਦ ਲੈ ਕੇ ਦਿਲ ਦੇ ਦੌਰੇ, ਫੇਫੜਿਆਂ ਦੇ ਕੈਂਸਰ, ਗੁਰਦੇ ਦੇ ਕੈਂਸਰ ਖਾਂਸੀ ਅਤੇ ਦਮੇ ਆਦਿ ਮਾਰੂ ਰੋਗਾਂ ਦਾ ਖ਼ਤਰਾ ਸਹੇੜ ਲੈਂਦੇ ਹਨ, ਜਿਨ੍ਹਾਂ ਵਿਚ ਫਸ ਕੇ ਉਮਰ ਭਰ ਦੁੱਖ ਸਹਾਰਨਾ ਪੈਂਦਾ ਹੈ।

ਕਈ ਸਾਲ ਹੋਏ, ਐਡੀਟਰ ਮਿਸਟਰ ਹਰਬਟ ਨੇ ਤਮਾਕੂ ਪੀਣ ਬਾਰੇ ਆਪਣੇ ਅੰਦਰ ਝਾਤੀ ਮਾਰੀ ਅਤੇ ਆਪਣੇ ਮਨ ਨਾਲ ਕਈ ਪ੍ਰਕਾਰ ਦੇ ਸਵਾਲ ਜੁਆਬ ਕੀਤੇ, ਜਿਸ ਦੇ ਸਿਟੇ ਵਜੋਂ ਉਹਨਾਂ ਨੂੰ ਯਕੀਨ ਹੋ ਗਿਆ ਕਿ ਤਮਾਕੂ ਪੀਣ ਨਾਲ ਉਹਨਾਂ ਦੇ ਧਰਮ (ਈਸਾਈਅਤ) ਦੇ ਦਸਵੇਂ ਹੁਕਮ (Commandment) ਦੀ ਉਲੰਘਣਾ ਹੁੰਦੀ ਹੈ। **ਪਰ ਹੁਣ ਇਕ ਗੱਲ ਹੋਰ ਸਪੱਸ਼ਟ ਹੋਈ ਹੈ ਕਿ ਤਮਾਕੂ ਪੀਣ ਨਾਲ ਉਹਨਾਂ ਦੇ ਧਰਮ (ਈਸਾਈਅਤ) ਦੇ ਛੇਵੇਂ ਹੁਕਮ (ਗਵਾਂਢੀ ਦਾ ਨੁਕਸਾਨ ਨਹੀਂ ਕਰਨਾ) ਦੀ ਭੀ ਉਲੰਘਣਾ ਹੁੰਦੀ ਹੈ।**

**ਵਿਗਿਆਨਕ ਖੋਜ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੂਸਰਿਆਂ ਦੀ ਹਾਜ਼ਰੀ ਵਿਚ ਤਮਾਕੂ ਪੀਣਾ, ਉਹਨਾਂ ਉਤੇ ਹਮਲਾ ਕਰਨ, ਉਹਨਾਂ ਨਾਲ ਦੁਸ਼ਮਣੀ ਕਮਾਉਣ ਅਤੇ ਵਾਸਤਵ ਵਿਚ ਉਹਨਾਂ ਨੂੰ ਜ਼ਹਿਰ ਦੇਣ ਤੁੱਲ ਹੈ।**

ਸੇਂਟ ਪਾਲ ਨੇ ਕਿਹਾ ਸੀ ਕਿ "ਪਿਆਰ ਤੁਹਾਡੇ ਗੁਆਂਢੀ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ।" ਪਰ ਅਸੀਂ ਹੁਣ ਦੇਖਦੇ ਹਾਂ ਕਿ ਤਮਾਕੂ ਪੀਣਾ ਤੁਹਾਡੇ ਗੁਆਂਢੀ ਨੂੰ ਸਖ਼ਤ ਨੁਕਸਾਨ ਪਹੁੰਚਾਉਂਦਾ ਹੈ।

ਤਮਾਕੂ ਵਿਚ ਨੁਕਸਾਨ ਪਹੁੰਚਾਉਣ ਵਾਲੀ ਮਾਰੂ ਚੀਜ਼ ਨਿਕੋਟੀਨ (Nicotine) ਹੈ। ਇਸ ਨੂੰ ਜ਼ਿਮੀਦਾਰ ਲੋਕ ਨਦੀਨ ਮਾਰਨ ਲਈ ਵਰਤੋਂ ਵਿਚ ਲਿਆਉਂਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਤਮਾਕੂ ਪੀਣ ਵਾਲੇ ਜਾਣ ਬੁੱਝ ਕੇ ਆਪਣੇ ਸਰੀਰ ਇਸ ਜ਼ਹਿਰ ਦੇ ਹਵਾਲੇ ਕਰ ਛਡਦੇ ਹਨ। ਹੋਰ ਦੇਖੋ, ਬਰਤਾਨੀਆ ਦੇ ਮੈਡੀਕਲ ਪੱਤਰ "ਲੈਨਸਿਟ" (Lancet) ਦੇ ਮੁਤਾਬਕ ਤਮਾਕੂ-ਨਾ-ਪੀਣ-ਵਾਲੇ ੨੭ ਵਿਅਕਤੀਆਂ ਨੂੰ, ਜ਼ਿਆਦਾ ਸਿਗਰਟਾਂ ਪੀਣ ਵਾਲੇ ਵਿਅਕਤੀਆਂ ਦੇ ਇੱਕ ਗਰੁੱਪ ਨਾਲ,





www.AKJ.Org

ਇਕ ਘੰਟੇ ਤੋਂ ਕੁਝ ਕੁ ਵੱਧ ਸਮਾਂ ਇਕ ਅਜਿਹੇ ਕਮਰੇ ਵਿਚ ਛੱਡ ਦਿੱਤਾ ਗਿਆ, ਜਿਸ ਨੂੰ ਕੋਈ ਰੋਸ਼ਨਦਾਨ ਆਦਿ ਨਹੀਂ ਸੀ। ਉਸ ਤੋਂ ਉਪਰੰਤ ਇਨ੍ਹਾਂ ੨੭ ਵਿਅਕਤੀਆਂ ਦਾ ਡਾਕਟਰੀ ਮੁਆਇਨਾ ਕਰ ਕੇ ਦੇਖਿਆ ਗਿਆ ਕਿ ਇਨ੍ਹਾਂ ਦੇ ਖ਼ੂਨ ਅਤੇ ਪਿਸ਼ਾਬ ਵਿਚ ਨਿਕੋਟੀਨ ਦੀ ਕਾਫ਼ੀ ਮਾਤਰਾ ਪ੍ਰਵੇਸ਼ ਕਰ ਗਈ ਸੀ।

ਹਰ ਸਮਝਦਾਰ ਵਿਅਕਤੀ ਤਮਾਕੂ ਪੀਣ ਤੋਂ ਇਸ ਲਈ ਬੱਚਦਾ ਹੈ ਕਿ ਉਸ ਨੂੰ ਤੰਦਰੁਸਤ ਰਹਿਣ ਦਾ ਸ਼ੌਕ ਹੁੰਦਾ ਹੈ। ਪਰ ਦੂਜਿਆਂ ਵਲੋਂ ਸੁਲਗਾਏ ਹੋਏ ਸਿਗਰਟਾਂ, ਬੀੜੀਆਂ ਦਾ ਧੂੰਆਂ ਤਾਂ ਅਵੱਸ਼ ਹੀ ਸਾਹ ਲੈਣ ਨਾਲ ਤਮਾਕੂ ਨਾ ਪੀਣ ਵਾਲੇ ਬੰਦਿਆਂ ਦੇ ਅੰਦਰ ਵੀ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਦੀ ਭੀ ਤਮਾਕੂ ਪੀਣ ਵਰਗੀ ਹੀ ਹਾਲਤ ਹੋ ਜਾਂਦੀ ਹੈ।

ਵਿਸ਼ਵ ਸਿਹਤ ਸੰਸਥਾ ਦੀ ਖੋਜ ਅਨੁਸਾਰ ਜੇ ਤਮਾਕੂ ਨਾ ਪੀਣ ਵਾਲਾ ਬੰਦਾ ਸਿਗਰਟ ਦੇ ਧੂੰਏ ਨਾਲ ਭਰੇ ਹੋਏ ਕਮਰੇ ਵਿਚ ਇਕ ਘੰਟੇ ਦਾ ਸਮਾਂ ਬਤੀਤ ਕਰੇ ਤਾਂ ਉਸ ਦੇ ਅੰਦਰ ਇਤਨੀ ਨਿਕੋਟੀਨ ਚਲੀ ਜਾਂਦੀ ਹੈ ਜਿਤਨੀ ਕਿ ਇਕ ਸਿਗਰਟ ਪੀਣ ਨਾਲ। ਹੋ ਸਕਦਾ ਹੈ ਕਿ **ਕਈ ਸਿਗਰਟ ਪੀਣ ਵਾਲੇ ਇਹ ਪੂਰੀ ਤਰ੍ਹਾਂ ਮਹਿਸੂਸ ਨਹੀਂ ਕਰਦੇ ਕਿ ਉਹਨਾਂ ਦਾ ਛੱਡਿਆ ਹੋਇਆ ਧੂੰਆਂ ਵਾਸਤਵ ਵਿਚ ਦੂਸਰਿਆਂ ਲਈ ਹਾਨੀਕਾਰਕ ਹੈ।**

ਤਮਾਕੂ ਪੀਣ ਵਾਲਿਆਂ ਨੂੰ ਤਾਂ ਆਪਣੀ ਗਲਤੀ ਕਾਰਨ ਦਿਲ ਦਾ ਦੌਰਾ, ਫੇਫੜਿਆਂ ਦਾ ਕੈਂਸਰ, ਖਾਂਸੀ, ਦਮਾ ਆਦਿ ਰੋਗ ਚੰਮੜਨੇ ਹੀ ਹੋਏ, ਪਰ ਜਿਨ੍ਹਾਂ ਲੋਕਾਂ ਦੇ ਅੰਦਰ ਤਮਾਕੂ ਦਾ ਧੂੰਆਂ ਕਿਸੇ ਵੀ ਰੂਪ ਵਿਚ ਜਾਵੇ, ਉਨ੍ਹਾਂ ਨੂੰ ਵੀ ਇਹ ਮਾਰੂ ਰੋਗ ਲਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜਾਨਵਰਾਂ (ਸਹਿਆਂ ਅਤੇ ਚੂਹਿਆਂ) ਉੱਤੇ ਤਜਰਬੇ ਕਰ ਕੇ ਇਹ ਨਤੀਜੇ ਕੱਢੇ ਗਏ ਹਨ।

ਤਮਾਕੂ ਪੀਣ ਨਾਲ ਜਿੰਨੀ ਮਾਤ੍ਰਾ ਵਿਚ **ਜ਼ਹਿਰੀਲੇ ਮਾਦੇ** ਕਿਸੇ ਪਿਅੱਕੜ ਦੇ ਅੰਦਰ ਪ੍ਰਵੇਸ਼ ਕਰਦੇ ਹਨ, ਉਸ ਤੋਂ ਜ਼ਿਆਦਾ ਉਹਨਾਂ ਵਲੋਂ **ਕੱਢੇ ਗਏ ਧੂੰਏਂ ਵਿਚ ਹੁੰਦੇ** ਹਨ, ਜਿਨ੍ਹਾਂ ਦੇ ਵੇਰਵਾ ਇਸ ਤਰ੍ਹਾਂ ਹੈ :—

(੧) ਲੁਕ (Tar) ਅਤੇ ਨਿਕੋਟੀਨ (Nicotine) ਦੂਣਾ।

(੨) ਬੈਨਜ਼ੋ-ਪਾਇਰੀਨ (Benzopyrin) (ਕੈਂਸਰ ਪੈਦਾ ਕਰਨ ਵਾਲਾ ਇਕ ਅਨਸਰ) ਤਿੰਨ ਗੁਣਾ।

(੩) ਕਾਰਬਨ ਮੋਨੋ-ਆਕਸਾਈਡ (Carbon monoxide) ਪੰਜ ਗੁਣਾ। (ਇਹ ਉਹ ਜ਼ਹਿਰ ਹੈ ਜੋ ਕਿ ਸਰੀਰ ਵਿਚੋਂ ਜੀਵਨ-ਪ੍ਰਦਾਤਾ ਮਾਦਾ 'ਆਕਸੀਜਨ' ਖ਼ਤਮ ਕਰਦਾ ਹੈ।)

(੪) ਅਮੋਨੀਆ (Amonia)੪੬ ਗੁਣਾ।

[ਉਪਰੋਕਤ ਵੇਰਵੇ ਅਮਰੀਕਾ ਦੇ ਸਿਹਤ, ਸਿਖਿਆ ਅਤੇ ਭਲਾਈ ਵਿਭਾਗ ਦੀ ਸੂਚਨਾ ਮੁਤਾਬਕ ਹਨ]

ਉਪਰੋਕਤ ਤੋਂ ਇਲਾਵਾ ਕੈਡਮੀਅਮ (Cadmium) ਇਕ ਐਸੀ ਜ਼ਹਿਰ ਹੈ ਜਿਹੜੀ ਭਾਵੇਂ ਥੋੜੀ ਮਾਤਰਾ ਵਿਚ ਹੀ ਸਾਹ ਨਾਲ ਅੰਦਰ ਜਾਵੇ, ਫੇਫੜੇ, ਜਿਗਰ ਅਤੇ ਗੁਰਦਿਆਂ ਵਿਚ ਸਦੀਵੀ ਤੌਰ ਤੇ ਜਮਾ ਹੋ ਜਾਂਦੀ ਹੈ। ਤਜਰਬਿਆਂ ਦੇ ਅਧਾਰ ਤੇ ਦੇਖਿਆ ਗਿਆ ਹੈ ਕਿ ਖਾਂਸੀ ਤੇ ਦਮੇ ਦੇ ਰੋਗ ਕੈਡਮੀਅਮ ਦੇ ਕਾਰਨ ਹੁੰਦੇ ਹਨ। ਫੇਫੜਿਆਂ ਦੀ ਖੋਜ ਕਰਨ ਵਾਲੀ ਐਸੋਸੀਏਸ਼ਨ ਵਲੋਂ ਇਕੱਤਰ ਕੀਤੀ ਸੂਚਨਾ ਅਨੁਸਾਰ ਸਿਗਰਟ ਦੇ ਸੁਲਗਦੇ ਸਿਰੇ ਤੋਂ ਜੋ ਤਮਾਕੂ ਦਾ ਧੂੰਆਂ ਉਠਦਾ ਹੈ, ਉਸ ਵਿਚ ਕੈਡਮੀਅਮ ਦੀ ਮਾਤਰਾ ਉਸ ਤੋਂ ਕਿਤੇ ਵਧ ਹੁੰਦੀ ਹੈ ਜੋ ਸਿਗਰਟ ਪੀਣ ਵਾਲਿਆਂ ਦੇ ਸਿਗਰਟ ਦੇ ਕਸ਼ ਲਗਾਣ ਨਾਲ ਅੰਦਰ ਜਾਂਦੀ ਹੈ। ਬਰਤਾਨੀਆ ਸਰਕਾਰ ਵਲੋਂ ਥੋੜੀ ਦੇਰ ਪਹਿਲਾਂ ਕੀਤੀ ਗਈ ਖੋਜ ਨੇ ਦੱਸਿਆ ਹੈ ਕਿ ਜਿੰਨੀ ਲੁਕ ਅਤੇ ਨਿਕੋਟੀਨ ਦੀ ਮਾਤਰਾ ਸਿਗਰਟ ਪੀਣ ਵਾਲੇ ਬੰਦਿਆਂ ਦੇ ਅੰਦਰ ਪ੍ਰਵੇਸ਼ ਕਰਦੀ ਹੈ ਉਸ ਤੋਂ ਕਿਤੇ ਵਧ ਮਾਤਰਾ ਵਿਚ ਉਹਨਾਂ ਦੇ ਅੰਦਰ ਪ੍ਰਵੇਸ਼ ਕਰਦੀ ਹੈ ਜਿਨ੍ਹਾਂ ਦੇ ਕੋਲ ਬੈਠ ਕੇ ਸਿਗਰਟ ਪੀਤੀ ਜਾਵੇ।

ਕਈ ਮੁਲਕਾਂ ਨੇ ਤਮਾਕੂ ਪੀਣ ਦੇ ਵਿਰੁਧ ਕਾਨੂੰਨ ਪਾਸ ਕੀਤੇ ਹਨ। ਇਹਨਾਂ ਕਾਨੂੰਨਾਂ ਵਿਚੋਂ ਵਧੇਰੇ ਤਾਂ ਤਮਾਕੂ ਦੀ ਇਸ਼ਤਿਹਾਰ-ਬਾਜ਼ੀ ਉਤੇ ਪਾਬੰਦੀ ਲਾਉਣ ਅਤੇ ਸਿਗਰਟ ਦੇ ਡੱਬਿਆਂ ਉਤੇ ਇਹਨਾਂ ਦੇ ਸਿਹਤ ਲਈ ਹਾਨੀਕਾਰਕ ਹੋਣ ਬਾਰੇ ਚਿਤਾਵਨੀ ਛਾਪਣ ਤਕ ਸੀਮਤ ਹਨ।



www.AKJ.Org

ਪੱਛਮੀ ਜਰਮਨੀ ਵਿਚ ਦੋ ਰਿਆਸਤਾਂ ਨੇ ਤਮਾਕੂ ਪੀਣ ਅਤੇ ਤਮਾਕੂ ਨਾ ਪੀਣ ਵਾਲਿਆਂ ਲਈ ਕੰਮ ਕਰਨ ਲਈ ਵਖਰੀਆਂ ਵਖਰੀਆਂ ਥਾਵਾਂ ਨਿਸਚਿਤ ਕੀਤੀਆਂ ਹੋਈਆਂ ਹਨ।

ਅਰਜਨਟਾਈਨਾ, ਬਰਤਾਨੀਆ ਵਿਚ ਪਬਲਿਕ ਮੋਟਰਾਂ ਤੇ ਗੱਡੀਆਂ ਵਿਚ ਤਮਾਕੂ ਪੀਣ ਦੀ ਮਨਾਹੀ ਹੈ।

ਸਭ ਤੋਂ ਪਹਿਲਾਂ ਅਰੀਜ਼ੋਨਾ (Arizona) ਨੇ ਪਬਲਿਕ ਥਾਵਾਂ—ਸਿਨਮਾ-ਘਰਾਂ, ਪੁਸਤਕਾਲਿਆਂ, ਅਜਾਇਬ-ਘਰਾਂ, ਬੱਸਾਂ, ਸਕੂਲਾਂ, ਆਰਾਮ-ਘਰਾਂ ਆਦਿ ਵਿਚ ਤਮਾਕੂ ਪੀਣ ਦੀ ਮਨਾਹੀ ਕੀਤੀ। ਸੰਗਠਤ ਰਾਸ਼ਟਰ ਵਿਚ ੩੩ ਰਿਆਸਤਾਂ ਅਤੇ ੨੨੫ ਸ਼ਹਿਰਾਂ ਵਿਚ ਤਮਾਕੂ ਪੀਣਾ ਨਿਸਚਤ ਥਾਵਾਂ ਤੱਕ ਸੀਮਤ ਕਰਨ ਲਈ ਕੋਈ ਨਾ ਕੋਈ ਕਾਨੂੰਨ ਪਾਸ ਕੀਤਾ ਹੋਇਆ ਹੈ।

ਕਚਹਿਰੀਆਂ ਵਿਚ, ਭਾਵ ਕਾਨੂੰਨੀ ਦ੍ਰਿਸ਼ਟੀ-ਕੋਣ ਤੋਂ ਵੀ ਇਹ ਮਹਿਸੂਸ ਹੋਣ ਲਗ ਪਿਆ ਹੈ ਕਿ ਨਾ ਪੀਣ ਵਾਲੇ ਦੇ ਸਾਹਮਣੇ ਸਿਗਰਟ ਪੀਣਾ ਉਸ ਉਤੇ ਹਮਲਾ ਕਰਨ ਦੇ ਬਰਾਬਰ ਹੈ। ਕਈ ਸਿਗਰਟ ਪੀਣ ਵਾਲੇ, ਨਾ-ਪੀਣ ਵਾਲਿਆਂ ਦੀ ਬੇਨਤੀ ਸੁਣ ਕੇ ਸਿਗਰਟ ਬੰਦ ਕਰ ਦੇਂਦੇ ਹਨ। ਪਰ ਕਈ ਸਿਗਰਟ ਪੀਣ ਵਾਲੇ ਅਜਿਹੀਆਂ ਬੇਨਤੀਆਂ ਦੀ ਰਤਾ ਭਰ ਵੀ ਪ੍ਰਵਾਹ ਨਹੀਂ ਕਰਦੇ। ਅਜਿਹੀ ਹਾਲਤ ਵਿਚ ਕੀ ਕਰਨਾ ਚਾਹੀਦਾ ਹੈ? ਅਜਿਹੀ ਹਾਲਤ ਵਿਚ ਇਹੋ ਠੀਕ ਹੈ ਕਿ ਉੱਚ ਅਧਿ-ਕਾਰੀਆਂ ਨੂੰ ਮਿਲਿਆ ਜਾਏ ਅਤੇ ਇਸ ਪਰਥਾਇ ਕੋਈ ਵਾਜਬ ਹੁਕਮ ਜਾਰੀ ਕਰਨ ਲਈ ਬੇਨਤੀ ਕੀਤੀ ਜਾਏ। ਇਸ ਨਾਲ ਸਿਗਰਟ ਪੀਣ ਵਾਲੇ ਤਾਂ ਨਰਾਜ਼ ਹੋ ਜਾਣਗੇ, ਪਰ ਫਿਰ ਕੀ ਕੀਤਾ ਜਾਏ? ਜਾਂ ਉਹਨਾਂ ਦੀ ਭੈੜੀ ਆਦਤ ਦਾ ਆਦਰ ਕਰ ਕੇ ਆਪਣੀ ਸਿਹਤ ਖ਼ਰਾਬ ਕਰ ਲਈ ਜਾਏ ਅਤੇ ਜਾਂ ਆਪਣੀ ਸਿਹਤ ਬਚਾਅ ਲਈ ਜਾਏ ਜਾਂ ਉਹਨਾਂ ਦੀ ਨਰਾਜ਼ਗੀ ਸਹਾਰ ਲਈ ਜਾਏ। ਅਸਲੀਅਤ ਤਾਂ ਇਹ ਹੈ ਕਿ ਤਮਾਕੂ ਦੇ ਪਿਆਕੜ ਜਿਹੜੇ ਆਪਣੀ ਸਿਹਤ ਦੀ ਪ੍ਰਵਾਹ ਨਹੀਂ ਕਰਦੇ, ਦੂਜਿਆਂ ਦੀ ਸਿਹਤ ਦਾ ਕਿਥੋਂ ਖ਼ਿਆਲ ਰਖਣਗੇ?

ਜਿਉਂ ਜਿਉਂ ਤਮਾਕੂ ਪੀਣ ਦੀਆਂ, ਸਿਹਤ ਤੇ ਸਮਾਜ ਦੋਹਾਂ ਲਈ ਹਾਨੀਕਾਰਕ ਬੁਰਿਆਈਆਂ ਸਾਹਮਣੇ ਆਉਂਦੀਆਂ ਜਾਣਗੀਆਂ ਅਤੇ ਲੋਕਾਂ ਵਿਚ ਆਪਣਾ ਅਤੇ ਆਪਣੇ ਸਾਥੀਆਂ ਦਾ ਭਲਾ ਵਿਚਾਰਨ ਦੀ ਸੂਝ ਵਧੇਗੀ ਤਿਉਂ ਤਿਉਂ ਤਮਾਕੂ ਪੀਣ ਤੋਂ ਲੋਕਾਂ ਨੂੰ ਘਿਰਣਾ ਹੁੰਦੀ ਜਾਏਗੀ ਤੇ ਕੋਈ ਦਿਨ ਅਜਿਹਾ ਜ਼ਰੂਰ ਆਏਗਾ ਜਦੋਂ ਸਮੁੱਚਾ ਮਨੁਖੀ ਸਮਾਜ ਇਸ ਕੋੜ੍ਹ ਤੋਂ ਮੁਕਤ ਹੋ ਜਾਏਗਾ।

ਅੱਜ ਅਜਿਹਾ ਸੋਚਣਾ ਸ਼ਾਇਦ ਸੰਭਵ ਨਾ ਹੋਵੇ, ਪਰ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੀ ਦੁਨੀਆ ਤਮਾਕੂ ਦੇ ਧੂੰਏ ਤੋਂ ਮੁਕਤ ਹੋਵੇਗੀ। ਰੱਬ ਉਹ ਦਿਨ ਛੇਤੀ ਲਿਆਏ!!

## ਡਾਕਟਰ ਏ. ਸੀ. ਸੈਲਗਨ ਐਮ. ਡੀ. ਦੀ ਲਿਖਤ ਪੁਸਤਕ 'ਸਿਹਤ ਅਤੇ ਲੰਮੀ ਉਮਰ' (Health & Longevity) ਵਿਚ ਪਰਗਟ ਕੀਤੇ ਵਿਗਿਆਨਿਕ ਤੱਥ :–

ਅਲਕੁਹਲ (ਸ਼ਰਾਬ) ਅਤੇ ਤਮਾਕੂ ਜ਼ਹਿਰ ਹਨ, ਜੋ ਨਾ ਕੇਵਲ ਫੇਫੜਿਆਂ ਨੂੰ ਸਗੋਂ ਸਰੀਰ ਦੇ ਸਾਰੇ ਅੰਗਾਂ ਨੂੰ ਨਿਕੰਮਾ ਕਰਦੇ ਹਨ। [ਪੰਨਾ ੫੪-੫੫

ਸੋ ਔਂਸ ਤਮਾਕੂ ਦੇ ਪੱਤਿਆ ਵਿਚ ਦੋ ਔਂਸ ਨਿਕੋਟੀਨ ਹੁੰਦੀ ਹੈ, ਜੋ ਮਾਰੂ ਜ਼ਹਿਰ ਹੈ। ਨਿਕੋਟੀਨ ਸੰਖੀਏ ਤੋਂ ਵੀ ਵਧੇਰੇ ਜ਼ਹਿਰੀਲੀ ਹੈ। ਇਹ ਏਨੀ ਮਾਰੂ ਹੈ ਕਿ ਜੇ ਇਸ ਦਾ ਇਕ ਕਤਰਾ ਸਹੇ ਦੇ ਪਿੰਡੇ ਤੇ ਰਖਿਆ ਜਾਵੇ ਤਾਂ ਉਸ ਦੀ ਮੌਤ ਹੋ ਜਾਂਦੀ ਹੈ। ਇਸ ਦੇ ਦੋ ਕਤਰ ਕੁੱਤੇ ਜਾਂ ਬਿੱਲੀ ਦੀ ਜੀਭ ਉਤੇ ਰਖਿਆਂ ਉਹ ਮਰ ਜਾਂਦੇ ਹਨ। ਤਮਾਕੂ ਚਬਾਣ ਦ ਫਲ-ਸਰੂਪ ਜੁੱਸੇ ਵਿਚ ਜ਼ਹਿਰ ਫੈਲ ਜਾਣ ਨਾਲ ਕਈ ਮੌਤਾਂ ਹੋ ਜਾਂਦੀਆਂ ਹਨ। ਚੀਨ ਵਿਚ ਆਤਮਘਾਤ ਕਰਨ ਦਾ ਇਕ ਇਹ ਤਰੀਕਾ ਹੈ ਕਿ ਹੁੱਕੇ ਦਾ ਪਾਣੀ ਪੀਤਾ ਜਾਂਦਾ ਹੈ, ਜਿਸ ਵਿਚ ਨਿਕੋਟੀਨ ਪਰਵੇਸ਼ ਕਰ ਗਈ ਹੁੰਦੀ ਹੈ।

ਪੰਨਾ ੧੦੫



www.AKJ.Org

# ਤਮਾਕੂ

## ਮਨੁਖੀ ਸਮਾਜ ਦੀ ਤਬਾਹੀ ਦਾ ਮੂਲ ਕਾਰਨ

## ਜਾਣ ਪਛਾਣ

ਅਸੀਂ ਉਸ ਲੇਖ ਦਾ ਸਾਰੰਸ਼ ਦੇ ਰਹੇ ਹਾਂ ਜੋ ਅਮਰੀਕਾ ਦੇ 'ਨਿਰੋਲ ਸੱਚ' (The Plian Truth) ਨਾਮੀ ਮਾਸਕ-ਪਤਰ ਦੇ ਫ਼ਰਵਰੀ 1981 ਅੰਕ ਵਿਚ "ਤਮਾਕੂ ਪੀਣ ਬਾਰੇ ਨਵੀਂ ਲਭੀ ਸਚਾਈ" ਦੇ ਸਿਰਲੇਖ ਹੇਠ ਅੰਗਰੇਜ਼ੀ ਵਿਚ ਛਪਿਆ ਹੈ। ਇਸ ਲੇਖ ਵਿਚ ਕੁਝ ਨਵੇਂ ਤੱਥ ਪ੍ਰਗਟਾਏ ਗਏ ਹਨ, ਜੋ ਅਮ੍ਰੀਕਾ ਵਿਚ ਵਡੇ ਪਧਰ ਤੇ ਕੀਤੀ ਵਿਗਿਆਨਕ ਖੋਜ ਦੇ ਸਿੱਟੇ ਵਜੋਂ ਨਿਖਰ ਕੇ ਸਾਹਮਣੇ ਆਏ ਹਨ ਅਤੇ ਜਿਨ੍ਹਾਂ ਤੋਂ ਇਹ ਸਿਧ ਹੋ ਗਿਆ ਹੈ ਕਿ ਜਿਥੇ ਤਮਾਕੂ ਪੀਣਾ ਸਿਹਤ ਤੇ ਸਮਾਜ ਲਈ ਹਾਨੀਕਾਰਕ ਹੈ ਉਥੇ ਉਸ ਦਾ ਧੂੰਆਂ ਹੋਰਨਾਂ ਲਈ ਵੀਂ ਵਧੇਰੇ ਖ਼ਤਰਨਾਕ ਹੈ।

ਪਾਰਦਰਸ਼ੀ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੱਜ ਤੋਂ ਤਿੰਨ ਸਦੀਆਂ ਪਹਿਲਾਂ ਤਮਾਕੂ ਦੀ ਵਰਤੋਂ ਆਪਣੇ ਸਿਖ-ਪੁਤਰਾਂ ਲਈ ਹੁਕਮਨ ਵਰਜਤ ਕਰ ਦਿਤੀ। ਸਿਖ ਰਹਿਤ-ਨਾਮਿਆਂ ਵਿਚ ਤਮਾਕੂ ਨੂੰ 'ਬਿਖਿਆ' ਕਰਕੇ ਵਰਨਾਇਆ ਗਿਆ ਹੈ। ਮੈਡੀਕਲ ਸਾਇੰਸ ਨੇ ਅਜ ਇਹੀ ਸੱਚ ਖੋਜ ਕੇ ਮਨੁਖਤਾ ਪ੍ਰਤੀ ਪ੍ਰਗਟਾਇਆ ਹੈ।

ਤਮਾਕੂ ਦਾ ਨੁਕਸਾਨ ਬਹੁ-ਪਖੀ ਹੈ। ਪੀਣ ਵਾਲਿਆਂ ਲਈ ਤਾਂ ਇਹ ਹਾਨੀਕਾਰਕ ਹੈ ਈ, ਪਰ ਇਸਦਾ ਖੁਲ੍ਹਮ ਖੁਲ੍ਹਾ ਪੀਤੇ ਜਾਣਾ ਤਮਾਕੂ-ਨਾ-ਪੀਣ ਵਾਲਿਆਂ ਲਈ ਵੀ ਦੁਖਦਾਈ ਬਣਿਆ ਹੋਇਆ ਹੈ। ਇਸ ਕਾਰਨ ਇਕ ਪਾਸੇ ਤਾਂ ਉਹਨਾਂ ਦੇ ਧਾਰਮਿਕ ਜਜ਼ਬਾਤ ਨੂੰ ਸੱਟ ਵਜਦੀ ਹੈ ਦੂਜੇ ਪਾਸੇ ਇਹ ਉਹਨਾਂ ਦੀ ਸਿਹਤ ਤੇ ਵੀ ਮਾਰੂ ਅਸਰ ਪਾਂਦਾ ਹੈ। ਵਾਸਤਵ ਵਿਚ ਤਮਾਕੂ ਦੀ ਵਰਤੋਂ ਵਿਸ਼ਵ ਦੇ ਸਾਰੇ ਧਰਮਾਂ ਵਿਚ ਵਰਜਿਤ ਹੈ, ਇਹ ਵਖਰੀ ਗੱਲ ਹੈ ਕੋਈ ਧਾਰਮਕ ਹੁਕਮਾਂ ਦੀ ਪ੍ਰਵਾਹ ਕਰੇ, ਭਾਵੇਂ ਨਾ। ਸਰਬੱਤ ਸਿਖ ਕੌਮ ਵਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਅੰਮ੍ਰਿਤਸਰ ਨੂੰ, ਇਸ ਦੀ ਇਤਿਹਾਸਕ ਮਹੱਤਤਾ ਅਤੇ ਪਵਿਤਰਤਾ ਨੂੰ ਮੁਖ ਰਖਦਿਆਂ ਹੋਇਆ 'ਪਵਿਤਰ ਸ਼ਹਿਰ' ਘੋਸ਼ਤ ਕੀਤਾ ਜਾਵੇ ਤੇ ਇਸ ਵਿਚ ਤਮਾਕੂ ਦੀ ਵਿਕਰੀ ਤੇ ਵਰਤੋਂ ਹੁਕਮਨ ਵਰਜਿਤ ਕੀਤੀ ਜਾਵੇ।

ਇਹ ਕੋਈ ਨਵੀਂ ਜਾਂ ਵਿਲੱਖਣ ਮੰਗ ਨਹੀਂ। ਅਗੇ ਸਰਕਾਰ ਨੇ ਹਰਦਵਾਰ ਅਤੇ ਕੁਰਕਸ਼ੇਤਰ ਆਦਿ ਕੁਝ ਸ਼ਹਿਰਾਂ ਨੂੰ ਧਾਰਮਕ ਸ਼ਹਿਰ ਘੋਸ਼ਤ ਕੀਤਾ ਹੋਇਆ ਹੈ ਅਤੇ ਉਹਨਾਂ ਵਿਚ ਮਾਸ ਸ਼ਰਾਬ ਆਦਿ ਨਿੰਦਤ ਵਸਤੂਆਂ ਦੀ ਵਰਤੋਂ ਹੁਕਮਨ ਵਰਜਿਤ ਕੀਤੀ ਹੋਈ ਹੈ। ਇਸ ਅਧਾਰ ਤੇ ਕਿਸੇ ਵਲੋਂ ਇਸ ਜਾਇਜ਼ ਮੰਗ ਤੇ ਕਿੰਤੂ ਕੀਤੇ ਜਾਣ ਦੀ ਗੁੰਜਾਇਸ਼ ਨਹੀਂ।

ਅਖੰਡ ਕੀਰਤਨੀ ਜਥੇ ਦੀ ਗੁਰਮਤਿ ਉਤੇ ਅਧਾਰਤ ਇਹ ਸੋਚੀ ਸਮਝੀ ਰਾਏ ਹੈ ਕਿ ਅੰਮ੍ਰਿਤਸਰ ਸ਼ਹਿਰ ਦੀ ਪਵਿਤਰਤਾ ਨੂੰ ਕਾਇਮ ਰਖਣ ਲਈ ਤਮਾਕੂ, ਮਾਸ ਅਤੇ ਸ਼ਰਾਬ ਤਿੰਨਾਂ ਹੀ ਅਪਵਿਤਰ ਅਤੇ ਘਿਰਣਿਤ ਪਦਾਰਥਾਂ ਦੀ (ਨਾ ਕਿ ਇਕੱਲੇ ਤਮਾਕੂ ਦੀ) ਵਿਕਰੀ ਅਤੇ ਵਰਤੋਂ ਸ਼ਹਿਰ ਵਿਚ ਹੁਕਮਨ ਵਰਜਿਤ ਕਰਾਰ ਦਿਤੀ ਜਾਣੀ ਚਾਹੀਦੀ ਹੈ।

ਮਾਸ ਅਤੇ ਸ਼ਰਾਬ ਦੀ ਵਰਤੋਂ ਕਿਉਂ ਵਰਜਿਤ ਹੈ ? ਇਸ ਬਾਰੇ ਅਖੰਡ ਕੀਰਤਨੀ ਜਥੇ ਨੇ ਸਤੰਬਰ ੧੯੮੦ ਵਿਚ 'ਸੂਰਾ' ਸਪੈਸ਼ਲ ਅੰਕ ਪ੍ਰਕਾਸ਼ਤ ਕੀਤਾ ਸੀ।

ਮਨੁਖੀ ਸਮਾਜ ਦੀ ਤਬਾਹੀ ਦੇ ਤੀਜੇ ਮੂਲ ਕਾਰਨ 'ਤਮਾਕੂ' ਬਾਰੇ ਜਾਣਕਾਰੀ ਇਸ ਟ੍ਰੈਕਟ ਰਾਹੀਂ ਦਿਤੇ ਜਾਣ ਦਾ ਨਿਮਾਣਾ ਜਤਨ ਕੀਤਾ ਜਾ ਰਿਹਾ ਹੈ।

ਰਾਮ ਸਿੰਘ
ਜਥੇਦਾਰ, ਅਖੰਡ ਕੀਰਤਨੀ ਜਥਾ



www.AKJ.Org

# ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥
ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ ॥
ਨਾਮੁ ਸੁਣੇ ਨਾਮੁ ਸੰਗ੍ਹੈ ਨਾਮੇ ਲਿਵ ਲਾਵਉ ॥
ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ ॥
ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥੨॥ (੧)

ਗਉੜੀ ਕੀ ਵਾਰ, ਮ: ੫, ਪੰਨਾ ੩੧੯

ਗਉੜੀ ਕੀ ਵਾਰ ਮਹਲਾ ੫ ਦੀ ਪਹਿਲੀ ਪਉੜੀ ਦੇ ਇਸ ਦੂਜੇ ਸਲੋਕ ਦੇ ਟੀਕਾਕਾਰਾਂ ਨੇ ਵਖ ਵਖ ਅਰਥ ਕੀਤੇ ਹਨ। ਉਨ੍ਹਾਂ ਵਖ ਵਖ ਅਰਥਾਂ ਅਨੁਸਾਰ ਹਰੇਕ ਤੁਕ ਦੇ ਆਖ਼ਰੀ ਸ਼ਬਦ ਦਾ ਉਚਾਰਣ ਵੀ ਵਖ ਵਖ ਹੁੰਦਾ ਤੁਰਿਆ ਜਾਂਦਾ ਹੈ, ਕਿਤੇ ਅੰਤਲੇ ਅੱਖਰ ਨਾਲ ਬਿੰਦੀ ਬੋਲਦੀ ਹੈ ਅਤੇ ਕਿਤੇ ਨਹੀਂ।

ਟੀਕਾਕਾਰਾਂ ਦੇ ਵਖ ਵਖ ਅਰਥ ਥਲੇ ਦਿਤੇ ਜਾ ਰਹੇ ਹਨ ਅਤੇ ਅੰਤ ਵਿਚ ਪਉੜੀ ਦੇ ਸਮੁੱਚੇ ਭਾਵ ਅਤੇ ਗੁਰਬਾਣੀ ਦੀ ਲਗ-ਮਾਤਰੀ ਨਿਯਮਾਵਲੀ ਨੂੰ ਮੁਖ ਰਖਦਿਆਂ ਸਲੋਕ ਦੇ ਸਹੀ ਅਰਥ-ਭਾਵ ਨੂੰ ਸਮਝਣ ਦਾ ਜਤਨ ਕੀਤਾ ਜਾ ਰਿਹਾ ਹੈ। ਇਸ ਦਾ ਮੁਖ ਮੰਤਵ ਗੁਰਬਾਣੀ ਦੀ ਵੀਚਾਰ ਲਈ ਰੁਚੀ ਪੈਦਾ ਕਰਨਾ ਹੈ।

### (੧) ਸ਼ਬਦ ਰਥ–

ਪਰਾਹੁਣਾ ਮੇਰੈ ਘਰਿ ਆਵਉ=ਸੰਤ ਪ੍ਰਾਹੁਣਾ ਮੇਰੇ ਘਰ ਆਵੇ । ਪਖਾਲਾ=ਧੋਵਾਂ । ਭਾਵਉ=ਭਾ ਜਾਵੇ, ਚੰਗਾ ਲਗੇ। ਸੰਗ੍ਹੈ=ਇਕੱਠਾ ਕੀਤਾ ਜਾਵੇ।

ਸ਼ਬਦਾਰਥ ਅਨੁਸਾਰ ਸ਼ਬਦਾਂ ਦਾ ਉਚਾਰਣ–

'ਆਵਉ' ਅਤੇ 'ਭਾਵਉ' ਬਿੰਦੇ ਰਹਿਤ ।

### (੨) ਪ੍ਰੋ: ਸਾਹਿਬ ਸਿੰਘ ਜੀ–

ਜੇ ਸਵੇਰੇ ਉਠ ਕੇ ਕੋਈ (ਗੁਰਮੁਖ) ਪਰਾਹੁਣਾ ਮੇਰੇ ਘਰ ਆਏ, ਮੈਂ ਉਸ ਗੁਰਮੁਖ ਦੇ ਪੈਰ ਧੋਵਾਂ, ਮੇਰੇ ਮਨ ਵਿਚ ਮੇਰੇ ਤਨ ਵਿਚ ਉਹ ਸਦਾ ਪਿਆਰਾ ਲਗੇ। ਉਹ (ਗੁਰਮੁਖ) ਨਿਤ ਨਾਮ ਸੁਣੇ, ਨਾਮ-ਧਨ ਇਕੱਠਾ ਕਰੇ ਤੇ ਨਾਮ ਵਿਚ ਹੀ ਸੁਰਤਿ ਜੋੜੀ ਰਖੇ। (ਉਸ ਦੇ ਆਉਣ ਨਾਲ, ਮੇਰਾ) ਸਾਰਾ ਘਰ ਪਵਿੱਤ੍ਰ ਹੋ ਜਾਏ, ਮੈਂ ਭੀ (ਉਸ ਦੀ ਬਰਕਤ ਨਾਲ) ਪ੍ਰਭੂ ਦੇ ਗੁਣ ਗਾਣ ਲਗ ਪਵਾਂ। (ਪਰ,) ਹੇ ਨਾਨਕ ! ਅਜੇਹਾ ਪ੍ਰਭੂ-ਨਾਮ ਦਾ ਵਪਾਰੀ ਵਡੇ ਭਾਗਾਂ ਨਾਲ ਹੀ ਕਿਤੇ ਮੈਨੂੰ ਮਿਲ ਸਕਦਾ ਹੈ।

ਪ੍ਰੋ: ਸਾਹਿਬ ਸਿੰਘ ਵਲੋਂ ਕੀਤੇ ਅਰਥਾਂ ਅਨੁਸਾਰ ਸ਼ਬਦਾਂ ਦਾ ਉਚਾਰਣ–

ਆਵਉ, ਭਾਵਉ, ਲਾਵਉ ਬਿੰਦੇ ਰਹਿਤ।
ਗਾਵਉ, ਪਾਵਉ ਬਿੰਦੇ ਸਹਿਤ।

### (੩) ਭਾਈ ਸਾਹਿਬ ਵੀਰ ਸਿੰਘ ਜੀ–

(ਐਸਾ ਸੰਤ) ਪਰਾਹੁਣਾ ਹੋ ਕੇ (ਜੇ) ਸਵੇਰੇ ਹੀ ਉਠ ਕੇ ਮੇਰੇ ਘਰ ਆ ਜਾਵੇ (ਤਾਂ ਮੈਂ) (ਉਸ ਦੇ ਪੈਰ ਧੋਵਾਂ (ਤੇ) ਮਨ ਕਰਕੇ ਤਨ ਕਰਕੇ ਸਦਾ (ਉਸ ਨੂੰ) ਪਿਆਰ ਕਰਾਂਗਾ, (ਕਿਉਂਕਿ ਉਸ ਤੋਂ) ਨਾਮ ਸੁਣਿਆਂ, ਨਾਮ ਕੱਠਾ ਕਰ ਲਈਦਾ ਹੈ, (ਉਸ ਤੋਂ ਫੇਰ ਮੈਂ) ਨਾਮ ਵਿਚ ਲਿਵ ਲਾ ਲਵਾਂਗਾ। ਉਸ ਨਾਲ ਮਿਲ ਕੇ ਮੈਂ) ਹਰੀ ਦੇ ਗੁਣ ਗਾਵਾਂਗਾ (ਜਿਸ ਕਰਕੇ ਮੇਰਾ) ਘਰ ਤੇ ਧਨ ਸਭ ਪਵਿਤ੍ਰ ਹੋ ਜਾਏਗਾ। ਹੇ ਨਾਨਕ !



www.AKJ.Org

ਹਰੀ ਨਾਮ ਦਾ ਵਪਾਰੀ (ਸੰਤ) ਵੱਡੇ ਭਾਗਾਂ ਨਾਲ (ਮੈਂ) ਪਾਉਂਦਾ ਹਾਂ (ਭਾਵ ਪ੍ਰਾਪਤ ਹੁੰਦਾ ਹੈ)।

ਭਾਈ ਵੀਰ ਸਿੰਘ ਜੀ ਵਲੋਂ ਕੀਤੇ ਅਰਥਾਂ ਅਨੁਸਾਰ ਸ਼ਬਦਾਂ ਦੇ ਉਚਾਰਣ–

ਆਵਉ ਬਿੰਦੇ ਰਹਿਤ ।

ਭਾਵਉ, ਲਾਵਉ, ਗਾਵਉ, ਪਾਵਉ ਬਿੰਦੇ ਸਹਿਤ ।

**(੪) ਫ਼ਰੀਦਕੋਟੀ ਟੀਕਾ–**

ਜੋ ਸੰਤ ਭਗਤ ਹਰੀ ਨਾਮ ਕੇ ਦੇਨੇ ਵਾਲਾ ਹੈ ਔਰ ਪਰੇਮ ਕੇ ਲੈਣੇ ਵਾਲਾ ਹੈ ਸੋ ਸਵੇਰੇ ਉਠਤਾ ਹੀ ਮੇਰੇ ਘਰ ਪਰਾਹੁਣਾ ਆਵੇ ਤਿਸ ਕੇ ਮੈਂ ਚਰਣ (ਪਖਾਲਾ) ਧੋਵਾਂ ਔਰ ਨਿਤ ਮਨ ਤਨ ਕਰ ਕੇ ਮੈਂ ਤਿਸ ਕੋ (ਭਾਵਉ) ਚਾਹਾਂਗਾ ।

ਤਿਸ ਸੇ ਨਾਮ ਸੁਣਨੇ ਕਰਕੇ ਨਾਮ ਕਾ ਗ੍ਰਹਣ ਕਰੂੰ ਔਰ ਨਾਮ ਮੇ ਹੀ ਬਿਰਤੀ ਲਗਾਵੂੰ । ਕਿਉਂਕਿ ਹਰੀ ਕੇ ਗਾਣ ਗਾਵਣੇ ਸੇ ਗ੍ਰਿਹ ਔਰ ਧਨ ਸੰਪੂਰਣ ਪਵਿਤ੍ਰ ਹੋਵੇਗਾ ।

ਸ੍ਰੀ ਗੁਰੂ ਜੀ ਕਹਤੇ ਹੈਂ ਐਸਾ ਹਰਿ ਨਾਮ ਕਾ ਵਪਾਰੀ ਵਡੇ ਭਾਗਾਂਕਰ ਕੇ ਪਾਵਉਗਾ ।

ਫ਼ਰੀਦਕੋਟੀ ਟੀਕੇ ਅਨੁਸਾਰ ਸ਼ਬਦਾਂ ਦੇ ਉਚਾਰਣ–

ਆਵਉ, ਗਾਵਉ ਬਿੰਦੇ ਰਹਿਤ ।

ਭਾਵਉ, ਲਾਵਉ, ਪਾਵਉ ਬਿੰਦੇ ਸਹਿਤ ।

**(੫) ਸੰਤ ਅਮੀਰ ਸਿੰਘ ਜੀ–**

ਹੇ ਭਗਵਾਨ ! ਜਿਸ ਸੰਤ ਨੇ ਆਪਣੇ ਆਪ ਨੂੰ ਸੰਸਾਰ ਵਿਚ ਪਰਾਹੁਣਾ ਰੂਪ ਨਿਸਚੇ ਕੀਤਾ ਹੈ ਵਾ–ਸੰਤ ਪਰਾਹੁਣਾ–ਪੂਜਨੀਕ ਹੈ ਉਹ ਭਲਕੇ–ਸਵੇਰੇ ਉਠਦਿਆਂ ਹੀ ਮੇਰੇ ਘਰ ਵਿਚ ਆਵੇ ।

ਮੈਂ ਉਸ ਦੇ ਪਾਉਂ ਪਖਾਲਾ=ਚਰਨ ਧੋਵਾਂ, ਮੇਰੇ ਮਨ ਤਨ ਵਿਚ ਏਹੀ ਕਰਤੱਵ ਕਰਨਾ ਭਾਉਂਦਾ ਹੈ।

ਫਿਰ ਉਨ੍ਹਾਂ ਪਾਸੋਂ ਨਾਮ ਨੂੰ ਸੁਣਾਂ, ਨਾਮ ਨੂੰ ਹੀ ਸੰਗ੍ਰਹੈ=ਇਕੱਠਾ ਕਰਾਂ, ਅਤੇ ਨਾਮ ਦੇ ਵਿਚ ਹੀ ਲਿਵ–ਬਿਰਤੀ ਲਗਾਵਾਂ ।

ਕਿਉਂਕਿ ਹਰੀ ਦੇ ਗੁਣ ਗਾਉਣ ਕਰਕੇ, ਘਰ ਤੇ ਧਨ ਸਭ ਪਵਿਤਰ ਹੋ ਜਾਣਗੇ ।

ਗੁਰੂ ਜੀ ਕਥਨ ਕਰਦੇ ਹਨ ਹਰੀ ਨਾਮ ਦਾ ਵਪਾਰੀ ਜੋ ਸੰਤ ਹੈ ਉਸ ਨੂੰ ਵਡਿਆਂ ਭਾਗਾਂ ਨਾਲ ਪਾਣਾ ਕਰੋ ।

ਉਪਰੋਕਤ ਅਰਥ ਅਨੁਸਾਰ ਸ਼ਬਦਾਂ ਦਾ ਉਚਾਰਣ–

ਆਵਉ, ਗਾਵਉ, ਪਾਵਉ ਬਿੰਦੇ ਰਹਿਤ ।

ਭਾਵਉ, ਲਾਵਉ ਬਿੰਦੇ ਸਹਿਤ ।

ਟੀਕਾਕਾਰਾਂ ਦੇ ਉਪਰੋਕਤ ਅਰਥਾਂ ਨੂੰ ਵਿਚਾਰਨ ਤੋਂ ਬਾਅਦ ਗੁਰਬਾਣੀ ਦੀ ਲਗ-ਮਾਤਰੀ ਨਿਯਮਾ-ਵਲੀ ਅਨੁਸਾਰ ਪੰਜਾਂ ਤੁਕਾਂ ਦੇ ਅਰਥ ਥਲੇ ਦਿਤੇ ਜਾਂਦੇ ਹਨ–

੧. (ਮੇਰੀ ਦਿਲੀ ਰੀਝ ਹੈ ਕਿ) ਅੰਮ੍ਰਿਤ ਵੇਲੇ ਉਠਦਿਆਂ ਹੀ (ਕੋਈ ਨਾਮ ਦਾ ਵਪਾਰੀ) ਪਰਾਹੁਣਾ ਮੇਰੇ ਗ੍ਰਿਹਿ ਵਿਖੇ ਆਵੇ ।

੨. ਮੈਂ ਉਸ ਦੇ ਚਰਨ ਧੋਵਾਂ, ਅਤੇ ਮਨ ਕਰਕੇ ਤੇ ਤਨ ਕਰਕੇ ਉਸ ਦੀ ਸੇਵਾ ਕਰਨੀ ਮੈਨੂੰ ਚੰਗੀ ਲਗੇ।

੩. (ਉਹ ਨਾਮ-ਵਪਾਰੀ ਪਰਾਹੁਣਾ) ਮੇਰੀ ਨਾਮ ਨਾਲ ਲਿਵ ਲਾ ਦੇਵੇ, ਮੈਨੂੰ (ਛਿਨ ਛਿਨ) ਨਾਮ ਸੁਣੇ ਤੇ ਇਸ ਤਰ੍ਹਾਂ ਮੇਰਾ ਨਾਮ-ਧਨ ਸੰਚਤ ਹੋਵੇ ।

੪. (ਉਸ ਦੇ ਚਰਨ ਪਾਣ ਨਾਲ) ਮੇਰਾ ਘਰ ਅਤੇ (ਉਸ ਦੀ ਸੇਵਾ-ਸੰਭਾਲ ਕਰਨ ਨਾਲ) ਮੇਰਾ ਧਨ ਸਭ



www.AKJ.Org

ਕੁਝ ਪਵਿਤਰ ਹੋ ਜਾਵੇ, (ਫਿਰ ਨਿਰੰਤਰ ਹੀ) ਹਰੀ ਦੇ ਗੁਣ ਗਾਏ ਜਾਣ।
੫. ਨਾਨਕ ! ਹਰੀ ਨਾਮ ਦਾ ਵਪਾਰੀ (ਪਰਾਹੁਣਾ) ਵਡੇ ਭਾਗਾਂ ਨਾਲ ਹੀ ਪ੍ਰਾਪਤ ਹੋ ਸਕਦਾ ਹੈ।
ਆਵਉ, ਭਾਵਉ, ਲਾਵਉ, ਗਾਵਉ ਅਤੇ ਪਾਵਉ ਸਾਰਿਆਂ ਸ਼ਬਦਾਂ ਦਾ ਉਚਾਰਣ ਬਿੰਦੇ-ਰਹਿਤ।

ਉਪਰੋਕਤ ਵਿਚਾਰ ਤੋਂ ਪ੍ਰਗਟ ਹੈ ਕਿ ਵਿਚਾਰ-ਅਧੀਨ ਵਿਸ਼ਾ ਦੋ ਪੱਖਾਂ ਨਾਲ ਸੰਬੰਧਤ ਹੈ : ਉਚਾਰਣ ਅਤੇ ਅਰਥ। (ਇਸ ਦੀ ਵਧੇਰੇ ਸਪੱਸ਼ਟਤਾਈ ਲਈ ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ ਦੇ ਕੁਝ ਸੰਬੰਧਤ ਨੁਕਤੇ ਪਾਠਕਾਂ ਦੀ ਦ੍ਰਿਸ਼ਟੀ ਗੋਚਰੇ ਕੀਤੇ ਜਾਂਦੇ ਹਨ।

ਧਾਤੂ ਦੇ ਅੰਤ ਵਿਚ 'ਉ' ਲਾਉਣ ਨਾਲ ਹੇਠ ਲਿਖੀਆਂ ਕਿਰਿਆਂ ਬਣਦੀਆਂ ਹਨ–

ਭਾਵਾਰਥ 'ਜਾਣਾ' ਦਾ ਧਾਤੂ 'ਜਾ' ਹੈ। ਇਸ 'ਜਾ' ਨਾਲ 'ਉ' ਲਾਉਣ ਨਾਲ ਬਣੀਆਂ ਕਿਰਿਆਂ ਦਾ ਵੇਰਵਾ ਇਉਂ ਹੈ :–

(੧) ਜਾਉ–ਉਤਮ ਪੁਰਖ, ਵਰਤਮਾਨ ਕਾਲ, ਇਕ-ਵਚਨ।
ਉਦਾਹਰਣ–ਹਜ ਕਾਬੈ 'ਜਾਉ' ਨ ਤੀਰਥ ਪੂਜਾ ॥੨॥੩॥ [ਭੈਰਉ ਮ: ੫, ਪੰਨਾ ੧੧੩੬
ਜਾਉ–ਮੈਂ ਨਹੀਂ ਜਾਂਦਾ ਹਾਂ। ਉਚਾਰਣ ਬਿੰਦੇ ਸਹਿਤ।

(੨) ਜਾਉ–ਉਤਮ ਪੁਰਖ, ਸੰਭਾਵ ਭਵਿਖਤ ਕਾਲ, ਇਕ-ਵਚਨ।
ਉਦਾਹਰਣ–ਪੰਖੀ ਹੋਇ ਕੈ ਜੇ ਭਵਾ, ਸੈ ਅਸਮਾਨੀ 'ਜਾਉ' ॥੩॥ [ਸਿਰੀਰਾਗੁ ਮ: ੧, ਪੰਨਾ ੧੪
ਜਾਉ–ਮੈਂ ਜਾਵਾਂ। ਉਚਾਰਣ ਬਿੰਦੇ ਸਹਿਤ।

(੩) ਜਾਉ–ਅਨ ਪੁਰਖ, ਸੰਭਾਵ ਭਵਿਖਤ ਕਾਲ, ਇਕ-ਵਚਨ।
ਉਦਾਹਰਣ–ਹਰਿ ਬਿਨੁ ਜੀਉ ਜਲਿ ਬਲਿ 'ਜਾਉ' ॥ਰਹਾਉ॥ [ਸਿਰੀ ਰਾਗੁ ਮ: ੧, ਪੰਨਾ ੧੪
ਸਭੇ ਗਲਾ ਵਿਸਰਨੁ ਇਕੋ ਵਿਸਰਿ ਨ 'ਜਾਉ' ॥੧॥ [ਸਿਰੀਰਾਗੁ ਮ: ੫, ਪੰਨਾ ੪੩
ਜਾਉ–ਜਾਵੇ। ਉਚਾਰਣ ਬਿੰਦੇ ਰਹਿਤ।

(੪) ਜਾਉ–ਨਾਂਵ ਕਾਰਦੰਤਕ।
ਉਦਾਹਰਣ–ਮੁਕਤਿ ਦੁਆਰਾ ਮੋਕਲਾ ਸਹਜੇ 'ਆਵਉ' 'ਜਾਉ' ॥੫੯॥ [ਪੰਨਾ ੧੩੬੭
ਆਵਉ–ਆਉਣਾ। ਜਾਉ–ਜਾਣਾ। ਉਚਾਰਣ ਬਿੰਦੇ ਰਹਿਤ।

(੫) ਗਾਉ–ਮਧਮ ਪੁਰਖ, ਹੁਕਮੀ ਭਵਿਖਤ ਕਾਲ।
ਉਦਾਹਰਣ–ਕੀਰਤਿ ਪ੍ਰਭ ਕੀ 'ਗਾਉ' ਮੇਰੀ ਰਸਨਾ। [ਕਾਨੜਾ ਮ: ੫, ਪੰਨਾ ੧੨੯੮
'ਆਉ' ਕਲੰਦਰ ਕੇਸਵਾ ॥ [ਭੈਰਉ ਨਾਮਦੇਵ ਜੀ, ਪੰਨਾ ੧੧੬੭
ਗਾਉ–ਗਾਉਣਾ ਕਰੋ। ਆਉ—ਆਉਣਾ ਕਰੋ। ਉਚਾਰਣ ਬਿੰਦੇ ਰਹਿਤ।

---

# ਮਾਸਕ ਰੈਣ ਸਬਾਈ ਕੀਰਤਨ ਲੱਡਾ (ਸੰਗਰੂਰ)

ਗੁਰਦਵਾਰਾ ਸਾਹਿਬ ਪਾ: ੬ ਪਿੰਡ ਲੱਡਾ ਵਿਖੇ ੧੩ ਜੂਨ ਸ਼ਨੀਵਾਰ ਦੀ ਰਾਤ ਨੂੰ ਮਾਸਕ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦੂਰ ਨੇੜੇ ਤੋਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਆਇ ਦੀਦਾਰ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ। ਪਿੰਡ ਲੱਡਾ–ਧੂਰੀ ਸੰਗਰੂਰ ਦੇ ਵਿਚਕਾਰ ਬਸ ਸਟਾਪ ਹੈ ਅਤੇ ਬਹਾਦਰ ਸਿੰਘ ਵਾਲਾ ਰੇਲਵੇ ਸਟੇਸ਼ਨ ਤੋਂ ਇਕ ਮੀਲ ਹੈ।

ਪੁਛ ਗਿਛ–ਮਾ: ਉਜਾਗਰ ਸਿੰਘ ਖਾਲਸਾ; ਫਰਵਾਲੀ, ਡਾਕਘਰ ਲੋਹਟਵੱਦੀ (ਸੰਗਰੂਰ)



www.AKJ.Org

# ਰੰਗਲੇ ਸਜਣ ਸੂਬੇਦਾਰ ਹਰਿਬਚਨ ਸਿੰਘ ਜੀ

[ਵਲੋਂ—ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ]

ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ "ਰੰਗਲੇ ਸਜਣ" ਵਿਚ ਸੂਬੇਦਾਰ ਹਰਿਬਚਨ ਸਿੰਘ ਜੀ ਬਾਰੇ ਲਿਖਦੇ ਹਨ—

"ਉਨ੍ਹਾਂ ਦੀਆਂ ਆਤਮ-ਮੌਜੀ ਘਟਨਾਵਾਂ ਦਾ ਪਵਿਤਰ ਪਾਵਨ ਜ਼ਿਕਰ ਉਨ੍ਹਾਂ ਦੇ ਨਿਕਟਵਰਤੀ ਆਤਮ-ਦਰਸੀ ਗੁਰਮੁਖ ਵੀਰ ਬਾਬੂ ਮਲ ਸਿੰਘ ਜੀ ਹੀ ਕਰ ਸਕਦੇ ਹਨ। ਉਨ੍ਹਾਂ ਦੇ ਗੁਰਮਤਿ ਗੁਣਾਂ ਦੇ ਵਸ਼ਫ਼ ਕੀ ਕੀ ਲਿਖੀਏ, ਲਿਖੇ ਨਹੀਂ ਜਾਂਦੇ, ਬੜੇ ਬਿਅੰਤ ਹਨ। ਗੁਰਸਿਖੀ ਕਮਾਉਣ-ਹਾਰੇ ਗੁਰਸਿਖਾਂ ਦਾ ਉਹ ਪੂਰਨ ਨਮੂਨਾ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿਤ ਸਵੱਈਆਂ ਵਿਚ ਜਦ ਅਸੀਂ ਕਰਨੀ ਕਮਾਲ ਵਾਲੇ ਗੁਰਸਿਖਾਂ ਦੀ ਮਹਿਮਾ-ਮਈ ਝਾਕੀ ਮਾਤ੍ਰ ਸਾਖੀ ਪੜ੍ਹਦੇ ਹਾਂ ਤਾਂ ਸਾਡੇ ਸਨਮੁਖ ਅਸਾਡੇ ਦੂਲੇ ਵੀਰ ਭਾਈ ਹਰਿਬਚਨ ਸਿੰਘ ਦਾ ਜੀਵਨ ਹੂ ਬਹੂ ਆ ਖਲੋਂਦਾ ਹੈ।"

ਸ੍ਰੀ ਮਾਨ ਬਾਊ ਮਲ ਸਿੰਘ ਜੀ ਦੇ ਆਪ ਸਭ ਤੋਂ ਪਿਆਰੇ ਗੁਰਮੁਖ ਮਿੱਤਰ ਸਨ। ਸੂਬੇਦਾਰ ਹਰਿਬਚਨ ਸਿੰਘ ਜੀ ਨੂੰ ਸ੍ਰੀ ਬਾਊ ਜੀ ਦੇ ਪਿੰਡ ਚਕ 52/2 ਐਲ (ਉਕਾੜਾ) ਵਿਖੇ ਹੀ ਦੋ ਮੁਰੱਬੇ ਜ਼ਮੀਨ ਮਿਲ ਗਈ ਸੀ ਅਤੇ ਇਨ੍ਹਾਂ ਦੇ ਮਕਾਨ ਦੀ ਪਿਠ ਸ੍ਰੀ ਬਾਊ ਜੀ ਦੇ ਮਕਾਨ ਨਾਲ ਲਗਦੀ ਸੀ। ਸ੍ਰੀ ਬਾਊ ਜੀ ਦੇ ੩੯ ਨੰਬਰ ਰਸਾਲਾ ਦੇ ਹੈਡ ਕਲਰਕ ਸਰਦਾਰ ਮਾਨ ਸਿੰਘ ਜੀ ਦੇ ਆਪ ਸਪੁੱਤਰ ਸਨ। ਇਨ੍ਹਾਂ ਦੇ ਘਰ ਆਉਣ ਜਾਣ ਹੋਣ ਕਰਕੇ ਛੋਟੀ ਉਮਰ ਤੋਂ ਹੀ ਆਪ ਦਾ ਪਿਆਰ ਸ੍ਰੀ ਬਾਊ ਜੀ ਨਾਲ ਐਸਾ ਪੱਕਾ ਹੋ ਗਿਆ ਜੋ ਸਾਰੀ ਉਮਰ ਇਕ-ਰਸ ਰਿਹਾ ਤੇ ਤੋੜ ਤਕ ਨਿਭਿਆ।

ਜਦੋਂ ੧੯੧੨ ਵਿਚ ਭਾਈ ਰਣਧੀਰ ਸਿੰਘ ਜੀ ਸ੍ਰੀ ਬਾਊ ਜੀ ਨੂੰ ਪਰਵਾਰ ਸਮੇਤ ਅੰਮ੍ਰਿਤ-ਸਿੰਚਾਰ ਲਈ ਪੰਚਖੰਡ ਤੋਂ ਨਾਰੰਗਵਾਲ ਲੈ ਆਏ ਤਾਂ ਇਨ੍ਹਾਂ ਗੁਰਮੁਖ ਪਿਆਰਿਆਂ ਦੀ ਪ੍ਰਬਲ ਖਿਚ ਕਰਕੇ ਇਹ ਸਾਰਾ ਪ੍ਰੋਗਰਾਮ ਅੰਮ੍ਰਿਤ-ਸਿੰਚਾਰ ਤੇ ਸ੍ਰੀ ਅਖੰਡਪਾਠ ਦਾ ਅੰਬਾਲੇ ਛਾਉਣੀ ਰਖਿਆ ਗਿਆ। ਇਹ ਪਵਿਤਰ ਆਤਮਾ ਗੁਰਮੁਖ ਕਿਸ ਪੂਰਬਲੀ ਕਮਾਈ ਦੇ ਮਾਲਕ ਸਨ, ਇਸ ਦਾ ਜ਼ਿਕਰ 'ਰੰਗਲੇ ਸਜਣ' ਪੁਸਤਕ ਵਿਚ "ਹੀਰਾ ਹਰਿਬਚਨ ਸਿੰਘ" ਦੇ ਪ੍ਰਸੰਗ ਵਿਚ ਇਸ ਤਰ੍ਹਾਂ ਆਉਂਦਾ ਹੈ—

"ਸ੍ਰੀ ਅਖੰਡਪਾਠ ਅਰੰਭ ਹੋਣ ਤੋਂ ਪਹਿਲਾਂ ਅਜਿਹਾ ਕਲਾ-ਕ੍ਰਿਸ਼ਮੀ ਕੀਰਤਨ ਹੋਇਆ ਜਿਸ ਦੀ ਸਰੋਤ ਦਾ ਫਟਿਆ ਹੋਇਆ ਇਕ ਪੰਖਣੂ ਹੀਰਾ ਹਰਿਬਚਨ ਸਿੰਘ ਕੀਰਤਨ-ਮੰਡਲ ਤੋਂ ਬਾਹਰ ਹੀ ਚੌਕੜਾ ਮਾਰ ਬੈਠਾ। ਬਸ, ਫਿਰ ਉਠਣ ਦੀ ਸੋਝੀ ਨਹੀਂ ਰਹੀ। ਨਿਰੰਕਾਰੀ, ਮੀਰ ਸ਼ਿਕਾਰੀ, ਉਪਕਾਰੀ ਵੀਰ, ਬਾਊ ਮਲ ਸਿੰਘ ਜੀ ਨੇ ਮੌਕਾ ਤਾੜ ਕੇ ਇਸ ਨੈਣ-ਮਗਨੀਲੇ ਅਤੇ ਹੋਸ਼-ਮਸਤੀਲੇ ਆਹੂ ਨੂੰ ਉਸੇ ਤਰ੍ਹਾਂ ਚੁਕ ਉਠਾ ਕੇ, ਬੈਠੇ ਬਿਠਾਏ ਨੂੰ ਅੰਦਰਵਾਰ ਕੀਰਤਨ-ਮੰਡਲ ਦੇ ਸਨਮੁਖ ਲਿਆ ਇਸਥਿਤ ਕੀਤਾ। ਨੀਰੋ ਨੀਰ ਹੋਏ ਇਸ ਨੰਵਲ ਵੈਰਾਗੀ ਵੀਰ ਨੂੰ ਕੀਰਤਨ ਪ੍ਰੇਮੀ ਜਨਾਂ ਨੇ ਪ੍ਰੇਮ-ਚਾਬਕ ਹੋਰ ਵੀ ਕੱਸ ਕੱਸ ਲਾਏ। ਬਸ, ਸਾਰੇ ਕੀਰਤਨ ਵਿਚ ਉਠਣੇ ਨਹੀਂ ਪਾਏ। ਉਠੇ ਨਹੀਂ, ਹਿਲੇ ਨਹੀਂ, ਜਮਕੇ ਤਹੀਂ। ਪ੍ਰਮਾਰਥ ਸੰਬੰਧੀ ਸੌ ਸੌ ਹੁਜਤਾਂ ਕਰਨ ਵਾਲੇ ਵੀਰ ਹਰਿਬਚਨ ਸਿੰਘ ਜੀ ਅੱਜ ਕਿਸੇ ਅਨੂਠੜੀ ਬੰਧਨਾ ਵਿਚ ਬੰਧੀਜੇ ਹੋਏ, ਲੱਟੂ ਹੋਏ ਬੈਠੇ ਹਨ।......ਪੂਰੇ ਤਿੰਨ ਦਿਨ ਤੇ ਤਿੰਨ ਰਾਤਾਂ ਹੋ ਗਈਆਂ ਕਿ ਦੂਲੇ ਵੀਰ ਹਰਿਬਚਨ ਸਿੰਘ ਜੀ ਦੀ ਇਕ-ਟੱਕ ਸਹਿਜ ਸਮਾਧੀ ਲਗੀ ਹੀ ਰਹੀ।......ਇਕੋ ਇਕ ਪ੍ਰਮਾਰਥ ਲਿੱਲ ਦਾ ਅਣਮੁਲਾ ਮੁਥਾਜੀ ਬਣ ਕੇ ਦੋਇ ਕਰ ਜੋੜ ਪੰਜ ਪਿਆਰਿਆਂ ਦੇ ਅਗੋਚਰ ਅੰਮ੍ਰਿਤ ਛਕਣ ਲਈ ਤਿਆਰ ਹੋ ਖਲੋਤਾ। ਅਮੋਘ ਦਰਸ਼ਨੀ ਦ੍ਰਿਸ਼ ਦੇਖ ਕੇ ਨਿਹਾਲੋ ਨਿਹਾਲ ਤੇ ਹਾਲੋਂ ਬੇਹਾਲ ਹੋ ਗਿਆ। ਅੰਮ੍ਰਿਤ ਬੂੰਦਾਂ ਦੇ



www.AKJ.Org

ਦਬ-ਸੰਚਾਰੀ ਛਟੇ ਜਦੋਂ ਨੈਣਾਂ ਤੇ ਪਏ, ਬਸ, ਅੰਮ੍ਰਿਤ ਛਕਣ ਸਾਰ ਹੀ ਦਿੱਬ ਜੋਤੀਸ਼ ਨਿਰੰਕਾਰ ਵਾਹਿਗੁਰੂ ਦੇ ਦਿੱਬ ਦੀਦਾਰੇ ਹੋ ਗਏ।''

ਇਸ ਅੰਮ੍ਰਿਤ-ਸਿੰਚਾਰ ਸਮਾਗਮ ਤੋਂ ਪਿਛੋਂ, ਦਾਤਾ ਜੀ ਦੀ ਬਖਸ਼ਸ਼ ਸਦਕਾ ਆਪ ਦਾ ਸ੍ਰੀ ਬਾਊ ਜੀ ਨਾਲ ਹਰ ਰੋਜ਼ ਮਿਲਣਾ, ਅੰਮ੍ਰਿਤ ਵੇਲੇ ਦੀ ਸੰਭਾਲ ਤੇ ਸ਼ਾਮ ਦੇ ਪਾਠ, ਨਿਤ ਦਾ ਪੱਕਾ ਜੀਵਨ ਬਣ ਗਿਆ, ਜੋ ਅਖ਼ੀਰਲੇ ਸੁਆਸਾਂ ਤਕ ਨਿਭਿਆ।

ਕੁਝ ਦੇਰ ਪਿਛੋਂ ਆਪ ੬੬ ਨੰਬਰ ਰੈਜਮੈਂਟ ਵਿਚ ਕਲਰਕ ਲਗ ਗਏ ਅਤੇ ਆਪਣੀ ਲਿਆਕਤ ਕਰਕੇ ਛੇਤੀ ਹੀ ਹੈਡ ਕਲਰਕ ਬਣ ਗਏ। ਸਾਹਿਬ ਦਾ ਹੁਕਮ, ਆਪ ਪਹਿਲੀ ਵੱਡੀ ਜੰਗ ਵਿਚ ਬਸਰੇ ਭੇਜੇ ਗਏ, ਜਿਥੇ ਹੋਰ ਫ਼ੌਜਾਂ ਸਣੇ **ਕੋਤਲਮਾਰਾ ਮੋਰਚੇ** ਵਿਚ ਛੇ ਮ ੀਨੇ ਘੇਰੇ ਵਿਚ ਰਹਿਣ ਪਿਛੋਂ ਤੁਰਕੀ ਨੇ ਕੈਦੀ ਬਣਾ ਲਿਆ। ਬੜੀਆਂ ਮੁਸ਼ਕਲਾਂ ਦੇ ਹੁੰਦਿਆਂ ਵੀ ਆਪ ਦੇ ਖਾਣ ਪੀਣ ਦਾ ਪਰਬੰਧ ਬਿਲਕੁਲ ਠੀਕ ਰਿਹਾ। ਆਪ ਦਾ ਸਰੀਰ ਹੋਰ ਫ਼ੌਜੀਆਂ ਵਾਂਗ ਬਹੁਤਾ ਬਲਵਾਨ ਨਹੀਂ ਸੀ। ਕੈਦ ਵਿਚ ਪੰਜ ਸਤ ਦਿਨਾਂ ਦੇ ਸਫ਼ਰ ਪਿਛੋਂ ਇਤਨੇ ਕਮਜ਼ੋਰ ਹੋ ਗਏ ਕਿ ਰਸਤੇ ਵਿਚ ਚਲਦੇ ਚਲਦੇ ਡਿਗ ਪਏ, ਤੇ ਬੇਹੋਸ਼ ਹੋ ਗਏ। ਤੁਰਕੀ ਵਾਲੇ ਉਪਰਲੇ ਅਫ਼ਸਰਾਂ ਨੇ ਆਪ ਨੂੰ ਉਥੇ ਹੀ ਸੁਟ ਦਿਤਾ। ਉਹ ਤਾਂ ਇਨ੍ਹਾਂ ਨੂੰ ਆਪਣੇ ਵਲੋਂ ਖ਼ਤਮ ਕਰਕੇ ਸੁਟ ਗਏ ਸਨ, ਪਰ ਦਾਤਾ ਜੀ ਨੇ ਆਪਣੇ ਸੇਵਕ ਦੀ ਰਖਿਆ ਕਰਨੀ ਸੀ। ਤਕਰੀਬਨ ਇਕ ਮੀਲ ਅਗੇ ਜਾਣ ਤੇ ਸਾਰੇ ਕਾਫ਼ਲੇ ਨੇ ਹਾਲਟ ਕਰ ਦਿਤਾ। ਇਨ੍ਹਾਂ ਦੇ ਪਿਆਰੇ ਮਿੱਤਰ, ਪਲਟਨ ਦੇ ਭਾਈ ਸਾਹਿਬ ਮਸਤਾਨ ਸਿੰਘ ਨੇ, ਜੋ ਬਾਅਦ ਵਿਚ ਇਸ ਨਿਰਬਾਣ ਕੀਰਤਨੀ ਜਥੇ ਦੇ ਨਾਲ ਰਲ ਕੇ ਰਾਵਲਪਿੰਡੀ-ਫੇਰੀਆਂ ਵਿਚ ਕੀਰਤਨ ਕਰਦੇ ਹੁੰਦੇ ਸਨ, ਆਪਣੇ ਕਰਨਲ ਸਾਹਿਬ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਹਰਿਬਚਨ ਸਿੰਘ ਜੀ ਨੂੰ ਲਿਆਉਣ ਦੀ ਇਜਾਜ਼ਤ ਲੈ ਦੇਵੋ, ਜੋ ਸਹਿਜੇ ਹੀ ਮਿਲ ਗਈ। ਭਾਈ ਸਾਹਿਬ ਦੇ ਉਦਮ ਨਾਲ ਬੇਹੋਸ਼ ਪਏ ਵੀਰ ਹਰਿਬਚਨ ਸਿੰਘ ਜੀ ਨੂੰ ਲਿਆਂਦਾ ਗਿਆ। ਦਵਾਈ ਦਿਤੀ ਗਈ। ਹੋਸ਼ ਆਉਣ ਤੇ ਇਸ਼ਨਾਨ ਕਰਵਾ ਦਿਤਾ ਤਾਂ ਆਪ ਬੋਲੇ, ''ਜਿਸ ਸਤਿਗੁਰੂ ਜੀ ਨੇ ਇਹ ਨਵਾਂ ਜਨਮ ਬਖ਼ਸ਼ਿਆ ਹੈ ਉਸ ਦਾ ਸਿਮਰਨ ਕਰੋ ਤੇ ਸੋਦਰ ਦਾ ਪਾਠ ਸੁਣਾਓ।''

ਇਸ ਤੋਂ ਪਿਛੋਂ ਕੈਦ ਦੇ ਸਮੇਂ, ਉਚੀ ਲਿਆਕਤ ਕਰਕੇ ਆਪ ਜੀ In erpretor (ਦੁਭਾਸ਼ੀਏ) ਨੀਯਤ ਕੀਤੇ ਗਏ ਅਤੇ ਸਾਰਾ ਵਕਤ ਚੰਗਾ ਕਟ ਕੇ, ਜੰਗ ਖ਼ਤਮ ਹੋਣ ਤੇ ਵਾਪਸ ਦੇਸ਼ ਪੁਜੇ ਅਤੇ ਕੋਹਾਟ ਛਾਉਣੀ ਭੇਜੇ ਗਏ।

ਸੂਬੇਦਾਰ ਹਰਿਬਚਨ ਸਿੰਘ ਜੀ ਬੜੇ ਦਇਆਵਾਨ ਤੇ ਉਦਾਰਚਿਤ ਸਨ। ਸ੍ਰੀ ਬਾਊ ਜੀ ਦੇ ਪਿਆਰ ਸਦਕਾ ਦਾਸ ਨੂੰ ਵੀ ਬੜਾ ਪਿਆਰ ਕਰਦੇ ਸਨ। ਇਕ ਵੇਰ ਛੁਟੀ ਤੇ ਉਕਾੜੇ ਆਪਣੇ ਪਿੰਡ ਛੁੱਟੀ ਤੇ ਆਏ ਤਾਂ ਗੁਰੂ ਕੇ ਬਾਗ ਦਾ ਮੋਰਚਾ ਲਗਾ ਹੋਇਆ ਸੀ ਅਤੇ ਸ੍ਰੀ ਬਾਊ ਮੱਲ ਸਿੰਘ ਜੀ ਸ੍ਰੀ ਅੰਮ੍ਰਿਤਸਰ ਗਏ ਹੋਏ ਸਨ। ਦੋਹਾਂ ਨੇ ਸਲਾਹ ਬਣਾਈ ਕਿ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਲਈ ਤਿਆਰੇ ਕੀਤੇ ਜਾਣ। ਟੁਰਨ ਲਗੇ ਤਾਂ ਆਪ ਜੀ ਕਹਿਣ ਲਗੇ ਕਿ ਆਪਾਂ ਦੋਵੇਂ ਹਿਸਾਬ ਸਾਂਝਾ ਕਰ ਲਈਏ। ਉਨ੍ਹਾਂ ਪਾਸ ੧੦੫ ਦਮੜੇ ਸਨ ਤੇ ਦਾਸ ਪਾਸ ੨੧ ਦਮੜੇ। ਦਾਸ ਖ਼ਜ਼ਾਨਚੀ ਬਣ ਗਿਆ। ਅਸਾਂ ਸ੍ਰੀ ਅੰਮ੍ਰਿਤਸਰ ਪੁਜ ਕੇ ਸਚਖੰਡ ਦੇ ਦਰਸ਼ਨ ਇਸ਼ਨਾਨ ਕੀਤੇ। ਦੋ ਦਿਨ ਕੀਰਤਨ ਦਾ ਅਨੰਦ ਮਾਣਦੇ ਰਹੇ। ਜਾਂ ਵਾਪਸ ਤੁਰਨ ਲਗੇ ਤਾਂ ਹੁਕਮ ਕੀਤਾ ਕਿ ਕਰਾਏ ਵਾਸਤੇ ਪੰਜ ਪੰਜ ਰੁਪਏ ਰਖ ਲਵੋ ਤੇ ਬਾਕੀ ਸਤਿਗੁਰੂ ਜੀ ਦੀ ਗੋਲਕ ਵਿਚ ਪਾ ਦੇਵੋ। ਇਹ ਮਾਇਆ ਸਤਿਗੁਰੂ ਜੀ ਬਖ਼ਸ਼ਦੇ ਹਨ, ਸੋ ਵਾਧੂ ਉਨ੍ਹਾਂ ਦੀ ਭੇਟ ਕਰ ਦੇਵੋ। ਇਉਂ ਕਰ ਕੇ ਵਾਪਸ ਚਾਲੇ ਪਾ ਦਿਤੇ।

ਇਕੇਰਾਂ ਉਕਾੜੇ, ਭਾਈ ਅਤਰ ਸਿੰਘ ਜੀ ਸ੍ਰੀ ਬਾਊ ਜੀ ਨੂੰ ਨਿਤਨੇਮ ਸੁਣਾ ਰਹੇ ਸਨ। ਸਰਦੀ ਦੀ



www.AKJ.Org

ਰੁੱਤ ਸੀ। ਘਰੋਂ ਇਸ਼ਨਾਨ ਕਰ ਕੇ ਨਿਤਨੇਮ ਸੁਣਨ ਆਏ। ਪਾਠ ਦਾ ਭੋਗ ਪੈਣ ਤੇ ਜਦ ਘਰ ਜਾਣ ਲਗੇ ਤਾਂ ਆਪਣੇ ਉਪਰ ਵਾਲਾ ਸੋਹਣਾ ਨਵਾਂ ਕੰਬਲ ਲਾਹ ਕੇ ਭਾਈ ਅਤਰ ਸਿੰਘ ਜੀ ਉਪਰ ਦੇ ਕੇ ਕਹਿਣ ਲਗੇ, "ਇਨ੍ਹਾਂ ਦਾ ਕੰਬਲ ਪਤਲਾ ਹੈ, ਸੋ ਇਹ ਇਨ੍ਹਾਂ ਪਿਆਰਿਆਂ ਦੀ ਭੇਟਾ ਕਰਦਾ ਹਾਂ।"

ਆਪ ਜੀ ਬੜੇ ਜ਼ਿੰਦਾ-ਦਿਲ ਤੇ ਹਸਮੁਖ ਸਨ। ਉਨ੍ਹਾਂ ਦੀ ਇਕ ਸ਼ੁਗਲ ਦੀ ਕਹਾਣੀ ਯਾਦ ਆ ਗਈ। ਉਨ੍ਹਾਂ ਦਿਨਾਂ ਵਿਚ ਵੀਰ ਹਰੀ ਸਿੰਘ ਜੀ ਵੀ ਉਥੇ ਹੀ ਸਨ। ਸ਼ਾਮ ਨੂੰ ਬਾਹਰ ਤੁਰਨ ਫਿਰਨ ਲਈ ਮੁਰੱਬੇ ਵਲ ਚਲੇ ਗਏ। ਰਸਤੇ ਵਿਚ ਇਕ ਪਾਣੀ ਵਾਲਾ ਖਾਲ ਆ ਗਿਆ। ਟਪ ਕੇ ਅਗੇ ਲੰਘਣਾ ਸੀ। ਅਸੀਂ ਦੋਵੇਂ ਤਾਂ ਟਪ ਕੇ ਲੰਘ ਗਏ, ਪਰ ਉਹ ਭਾਰੇ ਸਰੀਰ ਵਾਲੇ ਸਨ। ਜਦੋਂ ਟਪਣ ਲਗੇ ਤਾਂ ਖਾਲ ਵਿਚ ਸਣੇ ਜੋੜੇ ਪਜਾਮੇ ਡਿਗ ਪਏ। ਜਾਂ ਅਗਲੇ ਕੰਢੇ ਚੜ੍ਹਨ ਦੀ ਕੋਸ਼ਸ਼ ਕਰਨ ਤਾਂ ਫਿਰ ਪਾਣੀ ਵਿਚ ਹੀ ਤਿਲ੍ਹਕ ਪੈਣ। ਤਿੰਨ ਚਾਰ ਵਾਰ ਤਿਲ੍ਹਕੇ ਤਾਂ ਕਹਿਣ ਲਗੇ, 'ਅਸਾਂ ਕੋਤਲਮਾਰੇ ਦੇ ਮੋਰਚੇ ਨੂੰ ਕੁਛ ਨ ਸਮਝਿਆ, ਇਹ ਖਾਲ ਕਿਹੜੇ ਬਾਗ ਦੀ ਮੂਲੀ ਹੈ।' ਬੜਾ ਹਸਾਇਆ ਅਤੇ ਆਪ ਵੀ ਹੱਸੀ ਜਾਣ। ਅਗਲੇ ਦਿਨ ਫਿਰ ਨਵਾਂ ਸੂਟ ਕਢ ਕੇ ਸੈਰ ਤੇ ਗਏ ਤਾਂ ਅਸਾਂ ਹੋਰ ਚੌੜਾ ਖਾਲ ਦੇਖਿਆ। ਆਪ ਕਹਿਣ ਲਗੇ, "ਮੈਂ ਤੁਹਾਥੋਂ ਘਟ ਹਾਂ, ਜੇ ਕਲ੍ਹ ਨਹੀਂ ਟਪਿਆ ਤਾਂ ਅੱਜ ਜ਼ਰੂਰ ਟਪ ਲਵਾਂਗੇ।" ਜਦੋਂ ਅਸੀਂ ਦੋਵੇਂ ਫਿਰ ਟਪ ਗਏ ਤਾਂ ਪਜਾਮਾ ਟੰਗ ਕੇ, ਥੋੜੇ ਜਿਹੇ ਪਿਛੋਂ ਭਜ ਕੇ ਆਏ ਤੇ ਘੜੰਮ ਕਰ ਕੇ ਸਣੇ ਬੂਟ ਪਜਾਮੇ ਦੇ ਖਾਲ ਵਿਚ ਡਿਗ ਪਏ। ਆਪ ਹਸਦੇ ਹਸਦੇ ਬਾਹਰ ਆ ਗਏ। ਅਸਾਂ ਰੋਜ਼ ਹੀ ਕਿਸੇ ਨ ਕਿਸੇ ਸ਼ੁਗਲ ਲਈ ਤਿਆਰ ਹੋਣਾ ਅਤੇ ਉਹ ਹਮੇਸ਼ਾ ਹਿੱਸਾ ਲੈਣ ਲਈ ਤਿਆਰ ਰਹਿੰਦੇ ਸਨ।

ਪਲਟਨ ਵਿਚ ਵੀ ਆਪ ਜੀ ਦੇ ਪਿਆਰੇ ਮਿੱਤਰ ਭਾਈ ਮਸਤਾਨ ਸਿੰਘ ਜੀ ਵਰਗੇ ਕੀਰਤਨ ਕਰਨ ਵਾਲੇ ਸਨ ਅਤੇ ਫੌਜ ਤੋਂ ਆ ਕੇ ਵੀ ਆਪਣੇ ਅਤੀ ਪਿਆਰੇ ਰੰਗ-ਰਤੜੇ ਸਜਣ ਸ੍ਰੀ ਬਾਊ ਜੀ ਦੀ ਸੰਗਤ ਕਰ ਕੇ ਨਾਮ ਬਾਣੀ ਤੇ ਕੀਰਤਨ ਦਾ ਰੰਗ ਮਾਣਦਿਆਂ ਹੋਇਆਂ ਧਰਮੀ ਜੀਵਨ ਬਤੀਤ ਕਰਦੇ ਰਹੇ। ਆਪ ਜੀ ਕੀਰਤਨ ਅਤੇ ਸਤਿਸੰਗ ਨੂੰ ਹਮੇਸ਼ਾ ਤਰਸਦੇ ਸਨ। ਜਦੋਂ ਵੀ ਜਥਾ ਰਾਵਲਪਿੰਡੀ ਜਾਂਦਾ ਤਾਂ ਉਹ ਜ਼ਰੂਰ ਹਾਜ਼ਰੀ ਭਰਦੇ ਹੁੰਦੇ ਸਨ।

੧੯੨੯ ਵਿਚ ਜਦੋਂ ਸ੍ਰੀ ਬਾਊ ਜੀ ਜਥੇ ਸਮੇਤ ਰਾਵਲਪਿੰਡੀ ਗਏ ਤਾਂ ਆਪ ਭੀ ਪਲਟਨ ਤੋਂ ਛੁੱਟੀ ਲੈ ਕੇ ਉਥੇ ਪੁਜ ਗਏ। ਉਸ ਵੇਲੇ ਜਥਾ ਬੀਬੀ ਇੰਦਰ ਕੌਰ ਦੇ ਨਾਨੀ ਜੀ ਦੀ ਸ਼ਹਿਰ ਵਾਲੀ ਹਵੇਲੀ ਵਿਚ ਠਹਿਰਿਆ ਹੋਇਆ ਸੀ। ਸ੍ਰੀ ਬਾਊ ਜੀ ਉਥੇ ਗੁਰਮਤਿ ਦੇ ਬਚਨ ਬਿਲਾਸ ਕਰ ਰਹੇ ਸਨ ਕਿ ਸੂਬੇਦਾਰ ਸਾਹਿਬ ਨੂੰ ਦੇਖ ਕੇ ਗਦ ਗਦ ਹੋ ਗਏ। ਬੜੇ ਵਜਦ ਵਿਚ ਆ ਕੇ ਆਪ ਜੀ ਬੋਲੇ—

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥‡

ਦਾਤਾ ਜੀ ਦੀ ਬਖ਼ਸ਼ਸ਼ ਹੋਈ। ਕੀਰਤਨ ਅਖਾੜਾ ਸਜ ਗਿਆ। ਇਹੋ ਜਿਹਾ ਮੰਡਲ ਬਣਿਆ ਕਿ ਸਾਰੇ ਹੀ ਆਤਮ-ਰੰਗਾਂ ਵਿਚ ਝੂਮ ਰਹੇ ਸਨ। ਪਰ ਸੂਬੇਦਾਰ ਸਾਹਿਬ ਨੂੰ ਸਤਿਗੁਰੂ ਜੀ ਨੇ ਪਵਿਤਰ ਆਤਮਾ ਦੇ ਨਾਲ, ਉੱਚੇ ਮੰਡਲਾਂ ਵਾਲੀ ਸੁਰਤੀ ਵੀ ਬਖਸ਼ੀ ਹੋਈ ਸੀ, ਉਥੇ ਹੀ ਵਿਸਮਾਦੀ ਅਵਸਥਾ ਵਿਚ ਮੂਰਛਤ ਹੋ ਗਏ, ਜ਼ੋਰੋ ਜ਼ੋਰ ਸਿਮਰਨ ਚਲ ਰਿਹਾ ਸੀ ਅਤੇ ਸੁਰਤੀ ਆਤਮਕ ਰੰਗਾਂ ਵਿਚ ਅਨੂਠੇ ਰੰਗ ਮਾਣ ਰਹੀ ਸੀ। ਉਨ੍ਹਾਂ ਨੂੰ ਚਲੂਲੇ ਰੰਗਾਂ ਵਿਚ ਦੇਖ ਕੇ ਬਾਕੀ ਸੰਗਤ ਵੀ ਵਿਸਮਾਦ ਹੋ ਰਹੀ ਸੀ। ਉਸ ਸ਼ਾਮ ਸਾਰੀ ਸੰਗਤ ਨੇ ਉਹ ਰੰਗ ਮਾਣਿਆ ਜੋ ਅਕਥਨੀਯ ਸੀ ਅਤੇ ਭੁਲਾਇਆਂ ਵੀ ਭੁਲ ਨਹੀਂ ਸਕਦਾ। ਇਹ ਸਨ ਸੂਬੇਦਾਰ ਸਾਹਿਬ, ਜਿਨ੍ਹਾਂ ਨੂੰ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਹੀਰਾ ਹਰਿਬਚਨ ਸਿੰਘ ਜੀ ਦੁਲੇਸ਼ਵਰ ਕਰ ਕੇ ਸਦਦੇ ਹੁੰਦੇ ਸਨ।

‡ ਸਲੋਕ ਮ: ੪, ॥੨੭॥ ਪੰਨਾ ੧੪੨੪



www.AKJ.Org

੧੯੨੯ ਵਿਚ ਰਾਵਲਪਿੰਡੀ ਵਿਖੇ ਜਦੋਂ ਜਥਾ ਫਿਰ ਆਇਆ ਤਾਂ ਸੂਬੇਦਾਰ ਸਾਹਿਬ ਕੋਹਾਟ ਤੋਂ ਛੁੱਟੀ ਲੈ ਕੇ ਪੁਜ ਗਏ। ਉਸ ਦਿਨ ਕੀਰਤਨ ਬੀਬੀ ਇੰਦਰ ਕੌਰ ਦੇ ਘਰ ਹੀ ਹੋ ਰਿਹਾ ਸੀ ਅਤੇ ਬੜਾ ਅਨੰਦ ਬਝਾ ਹੋਇਆ ਸੀ। ਇੰਨੇ ਨੂੰ ਸ੍ਰੀ ਬਾਊ ਜੀ ਨੇ ਸੂਬੇਦਾਰ ਸਾਹਿਬ ਨੂੰ ਇਸ਼ਾਰਾ ਕੀਤਾ ਕਿ ਸ਼ਬਦ ਸ਼ੁਰੂ ਕਰੋ। ਆਪ ਜੀ ਵਾਜੇ ਅਗੇ ਬੈਠ ਗਏ, ਅਜੇ ਸੁਰ ਵਿਚ ਇਹ ਪਹਿਲੀ ਤੁਕ ਹੀ ਗਾਵੀਂ ਸੀ—

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜਹੀਆ ॥*

ਕਿ ਵੈਰਾਗ ਦੇ ਕੜ ਪਾਟ ਗਏ। ਬਸ, ਉਥੇ ਹੀ ਹੱਥ ਵਾਜੇ ਤੇ ਰਹਿ ਗਏ, ਸੁਰਤੀ ਉਚ ਮੰਡਲਾਂ ਵਿਚ ਚਲੀ ਗਈ ਅਤੇ ਵਿਸਮਾਦ ਹੋਏ ਵਾਜੇ ਉਪਰ ਹੀ ਡਿਗ ਪਏ। ਨਾਮ ਦਾ ਖੰਡਾ ਖੜਕਣ ਲਗ ਪਿਆ ਤੇ ਸਾਰੀ ਸੰਗਤ ਸੁੰਨ-ਮੁੰਨ ਹੋਈ ਝੂਮ ਰਹੀ ਸੀ। ਕੁਝ ਚਿਰ ਪਿਛੋਂ ਬਾਕੀ ਸੰਗਤ ਤਾਂ ਹੌਲੇ ਹੌਲੇ ਚਲੀ ਗਈ, ਪਰ ਸ੍ਰੀ ਬਾਊ ਜੀ ਨਾਲ ਬਿਰਾਜ ਕੇ ਖੰਡਾ ਖੜਕਾ ਰਹੇ ਸਨ। ਇਸ ਤਰ੍ਹਾਂ ਕਾਫੀ ਰਾਤ ਬੀਤ ਗਈ। ਫਿਰ ਬੀਬੀ ਇੰਦਰ ਕੌਰ ਨੇ ਦੋਹਾਂ ਰੰਗ-ਰਤੜੇ ਗੁਰਮੁਖਾਂ ਨੂੰ ਹੱਥ ਜੋੜ ਬੇਨਤੀ ਕੀਤੀ ਤਾਂ ਦੋਵੇਂ ਉਠੇ ਅਤੇ ਪ੍ਰਸ਼ਾਦ ਪਾਣੀ ਛਕ ਕੇ ਬਿਸਰਾਮ ਲਈ ਬਿਸਤਰਿਆਂ ਵਿਚ ਜਾ ਬਿਰਾਜੇ।

੧੯੩੦ ਵਿਚ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਜੇਲ੍ਹ-ਯਾਤਰਾ ਤੋਂ ਆ ਗਏ ਸਨ। ਉਸ ਸਾਲ ਹੋਰ ਵੀ ਵਧਵੀਂ ਚੜ੍ਹਵੀਂ ਸ਼ਾਨ ਵਿਚ ਜਥਾ ਰਾਵਲਪਿੰਡੀ ਪੁਜਾ। ਖ਼ੂਬ ਕੀਰਤਨ ਦੇ ਅਖਾੜੇ ਲਗੇ। ਇਕ ਦਿਨ ਅੰਮ੍ਰਿਤ ਵੇਲੇ ਕੀਰਤਨ ਕਰਨ ਲਈ ਭਾਈ ਸਰਧਾ ਸਿੰਘ (ਸਹੁਰਾ ਸ. ਬ. ਜੋਧ ਸਿੰਘ ਜੀ) ਦੇ ਘਰ ਜਾ ਰਿਹਾ ਸੀ ਜੁ ਉਸ ਵੇਲੇ ਸੂਬੇਦਾਰ ਸਾਹਿਬ ਕੋਹਾਟ ਤੋਂ ਗੱਡੀ ਰਾਹੀਂ ਪੁਜ ਗਏ। ਸਭਨਾਂ ਨੇ ਬੜੀ ਖੁਸ਼ੀ ਮਨਾਈ। ਸ੍ਰੀ ਬਾਊ ਜੀ ਅਤੇ ਸ੍ਰੀ ਮਾਨ ਭਾਈ ਸਾਹਿਬ ਤਾਂ ਉਨ੍ਹਾਂ ਨੂੰ ਆਪੋ ਆਪਣੀ ਗਲਵਕੜੀ ਵਿਚ ਲਈ ਜਾਣ। ਖ਼ਾਸ ਕਰਕੇ ਭਾਈ ਸਾਹਿਬ ਨੇ ਤਾਂ ਚਿਰੀ ਵਿਛੁੰਨੇ ਵੀਰ "ਹੀਰਾ ਹਰਿਬਚਨ ਸਿੰਘ" ਨੂੰ ਮਿਲ ਕੇ ਬਹੁਤ ਹੀ ਅਨੰਦ ਮਾਣਿਆ। ਉਸੇ ਗਲਵਕੜੀ ਵਿਚ ਸ੍ਰੀ ਬਾਊ ਜੀ ਨੇ ਵੇਖਿਆ ਕਿ ਸੂਬੇਦਾਰ ਸਾਹਿਬ ਦਾ ਸਰੀਰ ਗਰਮ ਹੈ ਅਤੇ ਉਨ੍ਹਾਂ ਨੂੰ ਕਾਫ਼ੀ ਬੁਖਾਰ ਹੋਇਆ ਹੋਇਆ ਹੈ ਬਾਊ ਜੀ ਨੇ ਡਾਕਟਰ ਗੁਰਬਖਸ਼ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਨੂੰ ਦਵਾਈ ਦੇ ਕੇ, ਅਰਾਮ ਕਰਨ ਲਈ ਘਰ ਲਿਟਾ ਦੇਣ। ਟਾਂਗੇ ਆਏ ਹੋਏ ਸਨ, ਸੋ ਜਥਾ ਟੁਰ ਪਿਆ।

ਸੂਬੇਦਾਰ ਸਾਹਿਬ ਉਸੇ ਵੇਲੇ ਦਾਸ ਪਾਸ ਆ ਗਏ ਤੇ ਕਹਿਣ ਲਗੇ, "ਮੈਂ ਇਥੇ ਗੁਰ-ਸੰਗਤ ਦੇ ਦਰਸ਼ਨ ਕਰਨ ਤੇ ਕੀਰਤਨ ਦੇ ਲਾਹੇ ਲੈਣ ਲਈ ਆਇਆ ਹਾਂ, ਮੈਂ ਨਾ ਦਵਾਈ ਕਰਨੀ ਹੈ ਤੇ ਨਾ ਹੀ ਘਰ ਵਿਖੇ ਅਰਾਮ ਕਰਨਾ ਹੈ। ਜਥੇ ਨੂੰ ਟੁਰਨ ਦੇਵੋ ਤੇ ਹੋਰ ਟਾਂਗਾ ਹੁਣੇ ਹੀ ਮੰਗਵਾ ਲਵੋ। ਆਪਾਂ ਵੀ ਪਿਛੇ ਪਿਛੇ ਉਥੇ ਪੁਜ ਜਾਣਾ ਹੈ। ਸੋ ਹੋਰ ਕਿਸੇ ਨੂੰ ਦਸੇ ਬਗ਼ੈਰ ਅਸੀਂ ਦੋਵੇਂ ਜਥੇ ਪਾਸ ਓਸ ਘਰ ਪੁਜ ਗਏ। ਜਦ ਜਥਾ ਬੈਠ ਗਿਆ ਤਾਂ ਸ੍ਰੀ ਮਾਨ ਭਾਈ ਸਾਹਿਬ ਨੇ ਨਾਲ ਦਾ ਵਾਜਾ ਦਾਸ ਦੇ ਅਗੇ ਕਰ ਦਿਤਾ ਅਤੇ ਜਿਸ ਤਰ੍ਹਾਂ ਅਗੇ ਕਹਿੰਦੇ ਹੁੰਦੇ ਸਨ, 'ਸ਼ਬਦ ਲਵੋ'। ਹੁਕਮ ਅਨੁਸਾਰ ਸ਼ਬਦ ਸ਼ੁਰੂ ਹੋਇਆ—

ਆਵੇ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥[]

ਭਾਈ ਸਾਹਿਬ ਸ਼ਬਦ ਅਰੰਭ ਹੁੰਦੇ ਸਾਰ ਰੰਗ ਵਿਚ ਆ ਗਏ, ਸ਼ਬਦ ਨੂੰ ਚੁਕ ਕੇ ਪੰਚਮ ਵਿਚ ਲੈ ਗਏ। ਬਸ ਫਿਰ ਕੀ ਸੀ, ਸੰਗਤ ਲਈ ਅਜਿਹਾ ਮੰਡਲ ਬਣ ਗਿਆ ਕਿ ਪ੍ਰੇਮ-ਰਸ ਵਿਚ ਮਦਹੋਸ਼ ਹੋਏ ਹੋਏ, ਕਿਸੇ ਹੋਰ ਹੀ ਅਰਸ਼ੀ ਦੁਨੀਆ ਵਿਚ ਵਸ ਰਹੇ ਸਾਂ। ਸ਼ਬਦ ਦੀ ਇਕ ਇਕ ਤੁਕ ਹਿਰਦੇ ਨੂੰ ਟੁੰਬਦੀ ਜਾਂਦੀ ਸੀ। ਸ਼ਬਦ ਦੀਆਂ ਤੁਕਾਂ ਦਾ ਮੁੜ ਮੁੜ ਉਚਾਰਨ ਹੁੰਦਾ, ਤੇ ਇਸ ਤਰ੍ਹਾਂ ਕਿੰਨਾ ਹੀ ਸਮਾਂ ਸਾਰੀ ਸੰਗਤ ਨੇ ਖ਼ੂਬ ਅਨੰਦ-ਰਸ ਮਾਣਿਆ। ਸੂਬੇਦਾਰ ਸਾਹਿਬ ਮੇਰੇ ਪਾਸ ਹੀ ਪਿਛੇ ਬੈਠੇ ਹੋਏ ਸਨ, ਹੱਥ ਵਿਚ ਹੱਥ ਪਾ ਕੇ ਕਹਿਣ ਲਗੇ, "ਆਪ ਦੇਖ ਲਵੋ, ਮੈਨੂੰ ਦਵਾਈ ਮਿਲ ਗਈ ਹੈ, ਇਲਾਜ ਹੋ ਗਿਆ ਹੈ, ਅਉਖ ਰਾਸ ਆ

---

* ਜੈਤਸਰੀ ਮ: ੫ ਛੰਤ, ਪੰਨਾ ੭੦੩ [] ਗੂਜਰੀ ਕੀ ਵਾਰ ਮ: ੫, ਪਉੜੀ ੯,ਪੰਨਾ ੫੨੦



www.AKJ.Org

ਗਿਆ ਹੈ, ਪਸੀਨੇ ਨਾਲ ਕਮੀਜ਼ ਭਿਜ ਗਈ ਹੈ ਤੇ ਬੁਖ਼ਾਰ ਬਿਲਕੁਲ ਉਤਰ ਗਿਆ ਹੈ।''

ਕੀਰਤਨ ਦਾ ਭੋਗ ਯਾਰ੍ਹਾਂ ਵਜੇ ਦੇ ਕਰੀਬ ਪਿਆ। ਜਾਂ ਦੀਵਾਨ ਵਿਚੋਂ ਉਠੇ ਤਾਂ ਸ੍ਰੀ ਬਾਊ ਜੀ ਸੂਬੇਦਾਰ ਸਾਹਿਬ ਨੂੰ ਵੇਖ ਕੇ ਬੜੀ ਹੈਰਾਨੀ ਵਿਚ ਬੋਲੇ, ''ਤੁਹਾਨੂੰ ਤਾਂ ਬੇਨਤੀ ਕੀਤੀ ਸੀ ਕਿ ਡਾਕਟਰ ਸਾਹਿਬ ਪਾਸੋਂ ਦਵਾਈ ਲਵੋ ਤੇ ਅਰਾਮ ਕਰੋ।'' ਆਪ ਨੇ ਹੱਸ ਕੇ ਉਤਰ ਦਿਤਾ, ''ਆਪ ਦਾ ਹੁਕਮ ਹੀ ਪੂਰਾ ਕੀਤਾ ਹੈ, ਮੇਰੇ ਡਾਕਟਰ ਤਾਂ ਆਪ ਗੁਰਮੁਖ ਪਿਆਰੇ, ਸਤਿਸੰਗਤ ਹੀ ਹੈ, ਜਿਨ੍ਹਾਂ ਨੇ ਗੁਰਬਾਣੀ ਦਾ ਕੀਰਤਨ ਸ੍ਰਵਣੀ ਸੁਣਾ ਕੇ ਉਹ ਇਲਾਜ ਕੀਤਾ ਕਿ—

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥*

ਜਿਸ ਨਾਲ ਉਹ ਆਤਮਕ ਸੁਖ ਅਨੰਦ ਮਾਣਿਆ ਹੈ ਜੋ ਕਹਿਣ ਕਥਨ ਤੋਂ ਬਾਹਰਾ ਹੈ। ਇਹ ਸਰੀਰਕ ਤਾਪ ਤਾਂ ਕੀ ਚੀਜ਼ ਹੈ, ਆਪ ਦੇਖ ਲਵੋ, ਪਹਿਲੇ ਸ਼ਬਦ ਤੇ ਹੀ ਪਸੀਨਾ ਆ ਗਿਆ ਸੀ ਤੇ ਤਾਪ ਉਤਰ ਗਿਆ ਸੀ। ਇਸ ਸਤਿਸੰਗਤ ਦੇ ਕੀਰਤਨ ਨੂੰ ਤਰਸਦਾ ਹੋਇਆ ਤਾਂ ਇਥੇ ਹਾਜ਼ਰ ਹੋਇਆ ਸਾਂ, ਸ੍ਰੀ ਸਤਿਗੁਰੂ ਜੀ ਨੇ ਸਭ ਬਖਸ਼ਸ਼ਾਂ ਕਰ ਦਿਤੀਆਂ ਹਨ ਅਤੇ ਬੁਖ਼ਾਰ ਵੀ ਉਤਾਰ ਦਿਤਾ ਹੈ।'' ਸ੍ਰੀ ਮਾਨ ਭਾਈ ਸਾਹਿਬ ਜੀ ਨੇ ਉਨ੍ਹਾਂ ਨੂੰ ਫਿਰ ਗਲਵਕੜੀ ਵਿਚ ਲੈ ਲਿਆ। ਕਈ ਸਾਲਾਂ ਦੇ ਲੰਮੇ ਵਿਛੋੜੇ ਪਿਛੋਂ ਮਿਲੇ ਸਨ, ਰਜ ਰਜ ਪਿਆਰ ਕੀਤਾ। ਇਸ ਤੋਂ ਬਾਅਦ ਜਥਾ ਪ੍ਰਸ਼ਾਦ ਛਕ ਕੇ ਬਿਸਰਾਮ-ਅਸਥਾਨ ਤੇ ਵਾਪਸ ਪੁਜ ਗਿਆ।

ਸੂਬੇਦਾਰ ਸਾਹਿਬ ਅਜੇ ਫ਼ੌਜ ਵਿਚ ਸਰਵਿਸ ਕਰੀ ਜਾ ਰਹੇ ਸਨ ਜੋ ਆਪ ਜੀ ਨੂੰ ਹਾਰਟ ਅਟੈਕ (Heart attack) ਹੋ ਗਿਆ, ਜਿਸ ਕਰਕੇ ਆਪ ਜੀ ਨੂੰ ਪੈਨਸ਼ਨ ਦੇ ਨਾਲ ਹੀ ਦੋ ਮੁਰੱਬੇ ਜ਼ਮੀਨ ਮਿਲ ਗਈ। ਜ਼ਮੀਨ ਮਿੰਟਗੁਮਰੀ ਦੀ ਬਾਰ ਵਿਚ ਉਕਾੜੇ ਲਾਗੇ ਹੀ ਮਿਲ ਗਈ। ਆਪ ਪਿੰਡ ਵਿਚ ਆ ਕੇ ਆਰਾਮ ਦੀ ਜ਼ਿੰਦਗੀ ਬਤੀਤ ਕਰਨ ਲਗੇ ਅਤੇ ਸ੍ਰੀ ਬਾਊ ਮਲ ਸਿੰਘ ਜੀ ਦੀ ਸੰਗਤ ਮਾਨਣ ਲਗ ਪਏ। ਆਪ ਜੀ ਦੇ ਦਿਲ ਵਿਚ ਸ੍ਰੀ ਬਾਊ ਜੀ ਲਈ ਇਤਨਾ ਪਿਆਰ ਤੇ ਸਤਿਕਾਰ ਸੀ ਕਿ ਹਮੇਸ਼ਾ ਉਨ੍ਹਾਂ ਦੇ ਪਿਛੇ ਟੁਰਦੇ ਸਨ। ਜਦੋਂ ਬਾਊ ਜੀ ਨੂੰ ਘੋੜੀ ਤੋਂ ਡਿਗ ਕੇ ਸਿਰ ਵਿਚ ਸਖ਼ਤ ਜ਼ਖ਼ਮ ਹੋਇਆ ਸੀ ਤਾਂ ਉਨ੍ਹਾਂ ਦੀ ਸੰਭਾਲ ਅਤੇ ਡਾਕਟਰੀ ਪਰਬੰਧ ਆਪ ਨੇ ਹੀ ਕਰਵਾਇਆ ਸੀ।

ਪੈਨਸ਼ਨ ਮਿਲਣ ਪਿਛੋਂ ਸੂਬੇਦਾਰ ਸਾਹਿਬ ਕੁਝ ਚਿਰ ਲਈ ਦਾਸ ਪਾਸ ਲੁਧਿਆਣੇ ਆ ਗਏ। ਥੋੜੀ ਬਹੁਤ ਦਵਾਈ ਵੀ ਕਰਦੇ ਸਨ, ਪਰ ਉਨ੍ਹਾਂ ਦਾ ਬਹੁਤਾ ਵਿਸ਼ਵਾਸ ਗੁਰਬਾਣੀ-ਪਾਠ ਤੇ ਕੀਰਤਨ ਉਪਰ ਸੀ ਅਤੇ ਉਨ੍ਹਾ ਲਈ ਇਹੋ ਹੀ ਸਭ ਤੋਂ ਵਡਾ ਇਲਾਜ ਸੀ।

ਉਨ੍ਹਾਂ ਨੂੰ ਰਾਵਲਪਿੰਡੀ ਤੋਂ ਬੀਬੀ ਇੰਦਰ ਕੋਰ ਦਾ ਪੱਤਰ ਪੁਜਾ ਕਿ ਉਨ੍ਹਾਂ ਦੇ ਮਾਸੀ ਜੀ ਮਰੀ ਪਹਾੜ ਤੇ ਸੋਹਣੀ ਕੋਠੀ ਵਿਚ ਠਹਿਰੇ ਹੋਏ ਹਨ, ਅਸੀਂ ਦੋਵੇਂ ਗਰਮੀ ਤੋਂ ਬਚ ਕੇ, ਅਰਾਮ ਕਰਨ ਲਈ ਉਥੇ ਜਾ ਸਕਦੇ ਹਾਂ। ਸੋ ਅਸੀਂ ਪਿੰਡੀ ਪੁਜ ਗਏ ਅਤੇ ਡਾਕਟਰ ਪ੍ਰਗਟ ਸਿੰਘ ਜੀ ਤੋਂ ਮਰੀ ਪਹਾੜ ਤੇ ਜਾਣ ਲਈ ਸਲਾਹ ਮੰਗੀ। ਉਹ ਕਹਿਣ ਲਗੇ ਕਿ ਗਰਮੀ ਦੇ ਲਿਹਾਜ਼ ਨਾਲ ਤਾਂ ਉਥੇ ਜਾਣਾ ਠੀਕ ਹੈ, ਪਰ Heart Patient (ਦਿਲ ਦੇ ਬੀਮਾਰ) ਵਾਸਤੇ ਪਹਾੜ ਕੋਈ ਬਹੁਤ ਅਛਾ ਨਹੀਂ ਹੁੰਦਾ। ਪਰ ਜੇ ਜਾਣਾ ਚਾਹੁੰਦੇ ਹੋ ਤਾਂ ਸਫਰ ਵੀ ਅਰਾਮ ਨਾਲ ਕਰਨਾ ਤੇ ਉਥੇ ਵੀ ਅਰਾਮ ਹੀ ਕਰਨਾ। ਕੀਰਤਨ ਸੁਣ ਲੈਣਾ, ਪਰ ਆਪ ਨਾਲ ਨਾ ਕਰਨਾ, ਇਸ ਨਾਲ ਖੇਚਲ ਹੋਵੇਗੀ। ਤਾਂ ਆਪ ਜੀ ਚੁੱਪ ਕਰ ਰਹੇ। ਮਰੀ ਪੁਜੇ ਤਾਂ ਠਹਿਰਨ ਦਾ ਸਾਰਾ ਇੰਤਜ਼ਾਮ, ਅੰਮ੍ਰਿਤ ਵੇਲੇ ਦਾ ਇਸ਼ਨਾਨ ਪਾਣੀ ਦਾ ਠੀਕ ਸੀ, ਨਿਤਨੇਮ ਪਿਛੋਂ ਮਾਸੀ ਜੀ ਨੇ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਕਰਨਾ ਤੇ ਸ਼ਬਦ ਸੁਣਾਉਣਾ। ਉਥੇ ਵਾਜਾ ਮੌਜੂਦ ਸੀ। ਜਦ ਦਾਸ ਕੀਰਤਨ ਕਰਨ ਲਗਾ ਤਾਂ ਸੂਬੇਦਾਰ ਸਾਹਿਬ ਕਹਿਣ ਲਗੇ, ''ਡਾਕਟਰ ਸਾਹਿਬ ਨੇ ਤਾਂ ਸਲਾਹ ਦਿਤੀ ਸੀ ਕਿ ਕੀਰਤਨ ਸੁਣ ਸਕਦੇ ਹੋ, ਕਰ

*ਟੋਡੀ ਮਹਲਾ ੫, ਪੰਨਾ ੭੧੪



www.AKJ.Org

ਨਹੀਂ ਸਕਦੇ । ਪਰ ਕੀਰਤਨ ਤਾਂ ਮੇਰੇ ਆਤਮਾ ਦੀ ਖ਼ੁਰਾਕ ਹੈ ਅਤੇ ਮੇਰੇ ਸਰੀਰ ਦਾ ਇਲਾਜ ਹੈ, ਇਸ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ । ਇਸ ਲਈ ਕੀਰਤਨ ਨਾ ਕਰਨ ਦੀ ਉਨ੍ਹਾਂ ਦੀ ਸਲਾਹ ਮੈਂ ਨਹੀਂ ਮੰਨਣਾ ਚਾਹੁੰਦਾ ।'' ਫਿਰ ਹੱਸ ਕੇ ਕਹਿਣ ਲਗੇ, ''ਉਨ੍ਹਾਂ ਨੇ ਕਿਹੜਾ ਕੀਰਤਨ ਕਰਦਿਆਂ ਨੂੰ ਦੇਖਣਾ ਹੈ । ਸੋ ਕੀਰਤਨ ਕਰਾਂਗੇ ਤੇ ਉਨ੍ਹਾਂ ਦੀ ਸਲਾਹ ਮੈਂ ਨਹੀਂ ਮੰਨਣਾ ਚਾਹੁੰਦਾ ।'' ਜਿੰਨਾ ਚਿਰ ਉਥੇ ਠਹਿਰੇ, ਕੀਰਤਨ ਦੇ ਖ਼ੂਬ ਅਨੰਦ ਮਾਣੇ ਅਤੇ ਖੁਸ਼ ਰਹੇ ।

ਭਾਈ ਸਾਹਿਬ ਰਣਧੀਰ ਸਿੰਘ ਜੀ 'ਰੰਗਲੇ ਸਜਣ' ਪੁਸਤਕ ਵਿਚ ਆਪ ਜੀ ਪ੍ਰਥਾਇ ਲਿਖਦੇ ਹਨ–

''ਇਹ ਇਸ ਅਸਾਰ ਸੰਸਾਰ ਤੋਂ ਚਲਾਣਾ ਤਾਂ ਕਰ ਗਏ, ਪਰ ਸਾਨੂੰ ਕਦੇ ਪ੍ਰਤੀਤ ਨਹੀਂ ਹੋਇਆ ਕਿ ਅਸਾਥੋਂ ਨਿਖੜ ਗਏ ਹਨ । ਜਲ ਕਮਲ ਵਤ, ਗ੍ਰਿਹਸਤ ਵਿਚ ਅਲੇਪ ਰਹਿੰਦੇ ਹੋਏ ਅਤੇ ਮਾਇਆ ਤੇ ਕੁਟੰਬ ਵਲੋਂ ਨਿਰਮੋਹ ਹੁੰਦੇ ਹੋਏ, ਸਰੀਰਕ ਦੁਖਾਂ ਕਸ਼ਟਾਂ ਦੀ ਪਰਵਾਹ ਨਾ ਕਰਦੇ ਹੋਏ, ਤਨਕ ਮਾਤਰ ਦੇ ਫੋਰੇ ਵਿਚ ਹੀ ਸਰੀਰ ਨੂੰ ਤਿਆਗ ਕੇ ਗੁਰਪੁਰੀ ਨੂੰ ਪਧਾਰ ਗਏ । ਪਰ ਉਨ੍ਹਾਂ ਦੀ ਆਤਮਾ ਹਰ ਦਮ ਤੇ ਹਰ ਛਿਨ ਉਨ੍ਹਾਂ ਸੇਤੀ ਇਕ-ਮਿਕ ਹੋਏ ਗੁਰਮੁਖ ਪਿਆਰਿਆਂ ਵਿਚ ਉਸੇ ਤਰ੍ਹਾਂ ਹਾਜ਼ਰ ਨਾਜ਼ਰ ਵਿਚਰਦੀ ਰਹਿੰਦੀ ਹੈ, ਮਾਨੋ ਉਹ ਕਦੇ ਵਿਛੜੇ ਹੀ ਨਹੀਂ ।''

---

## ਅਮਰ ਫ਼ਲਸਫ਼ਾ

[ਹਕੀਮ ਹਰਿਭਜਨ ਸਿੰਘ ਜੀ 'ਸ਼ਰਨ', ਮਾਲੂਵਾਲ ਵਾਲੇ]

ਮਨੁੱਖਾ ਜਨਮ, ਅਮੋਲਕ ਹੀਰਾ ।
ਆਤਮ ਅੰਮ੍ਰਿਤ, ਪੀ ਮੇਰੇ ਵੀਰਾ ।
ਇਹ ਮਿਲਦਾ, ਪੂਰੇ ਗੁਰ ਪਾਸੋਂ,
ਜੋ ਜਨਮ ਮਰਨ ਤੋਂ, ਮੁਕਤ ਸਰੀਰਾ ।੧।

ਹਉਮੈ ਛੱਡ ਤੇ ਦੁਬਿਧਾ ਤਿਆਗ ।
ਵਿਸ਼ੇ-ਵਿਕਾਰ, ਜ਼ਹਿਰੀਲੇ ਨਾਗ ।
ਸਿਫਤ ਸਲਾਹ ਵਿਚ, ਆਤਮ ਰਸ,
ਜਿਸ ਨਾਲ ਜਾਗਣ, ਸੁੱਤੇ ਭਾਗ ।੨।

ਜੀਵਨ ਵੀ ਇਕ, ਬਿਖੜਾ ਪੰਧ ।
ਲੋਕ ਵਿਖਾਵੇ, ਚਾੜ੍ਹਨ ਚੰਦ ।
ਗਿਆਨ ਦਾ ਨੇਤਰ, ਖੋਲ੍ਹ ਕੇ ਚੱਲ,
ਸਿਮਰਨ ਸੇਵਾ, ਹੈ ਬਖਸ਼ੰਦ ।੩।

ਮਾਪੇ ਨਾਰੀ, ਅਤੇ ਪ੍ਰਵਾਰ ।
ਸੁੱਖ ਜੇ ਲੈਣਾ, ਵਿਚ ਸੰਸਾਰ ।
ਇਹ ਹੈ ਉਚਾ, ਆਤਮ ਜੀਵਨ
ਵੰਡ ਛਕਣਾ ਤੇ ਕਰਨੀ ਕਾਰ ।੪।

---

## ਗੁ: ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸੰਮਾਗਮ

ਪਿਛਲੇ ਸਾਲਾਂ ਵਾਂਗ ੨੮ ਜੂਨ ਤੋਂ ੫ ਜੁਲਾਈ ੮੧ ਤਕ ਪ੍ਰੋਗਰਾਮ ਹੋ ਰਹੇ ਹਨ । ਸਵੇਰੇ ੨ ਵਜੇ ਸਾਵਧਾਨ ਹੋ ਕੇ ਇਸ਼ਨਾਨ ਤੇ ਨਿਤਨੇਮ ਤੋਂ ਉਪਰੰਤ ਗੁਰੂ ਮਹਾਰਾਜ ਦੇ ਪ੍ਰਕਾਸ਼, ਨਾਮ ਅਭਿਆਸ, ਕੀਰਤਨ, ਕਥਾ, ਸੁਖਮਨੀ ਦੇ ਸੰਗਤੀ ਪਾਠ, ਅਲਪ ਅਹਾਰ ਤੇ ਅਲਾਪ ਅਰਾਮ ਕਰਕੇ ਸੋਦਰ ਆਰਤੀ ਤੇ ਸੁਖਾਸਨ ਤੋਂ ਉਪਰੰਤ ਰਾਤ ਸਾਢੇ ਨੌਂ ਵਜੇ ਤਕ ਰੋਜ਼ਾਨਾ ਪ੍ਰੋਗਰਾਮ ਹੋਣੇ ਹਨ । ਸੰਗਤਾਂ ਲਾਹੇ ਪ੍ਰਾਪਤ ਕਰਨ ।

ਨੋਟ– ੧. ਇਕਾਂਤ ਭੰਗ ਕਰਨ ਵਾਲੇ ਬੱਚੇ ਨਾ ਲਿਆਓ ਜੀ । ੨. ਅੰਮ੍ਰਿਤ-ਸਿੰਚਾਰ ੪ ਜੁਲਾਈ ਨੂੰ ਹੋਵੇਗਾ । ੩. ਗੁ: ਰਾਮਪੁਰ ਖੇੜਾ ਦਸੂਹਾ–ਹੁਸ਼ਿਆਰਪੁਰ ਰੋਡ ਤੇ ਹੈ । ੪. ਲੋੜ ਅਨੁਸਾਰ ਬਿਸਤਰੇ ਲਿਆਓ ਜੀ ।

ਦਾਸਨ ਦਾਸ–ਹਰਨਾਮ ਸਿੰਘ (ਬਾਬਾ), ਗੁ: ਰਾਮਪੁਰ ਖੇੜਾ, ਡਾ: ਗੜ੍ਹਦੀਵਾਲਾ (ਹੁਸ਼ਿਆਰਪੁਰ)

---

## ਸ਼ਹੀਦਾਂ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ

ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਗੁਰਦਵਾਰਾ ਰਾਮਸਰ ਵਿਖੇ ੨੦ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ ।

www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ

## [ਕਿਸ਼ਤ ੩੧ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਮਈ ੧੯੮੧]

[ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

### *ਸਿੱਖਾਂ ਨਾਲ ਦੂਜੇ ਦਿਨ ਦੀ ਲੜਾਈ ਦੇ ਬਿਆਨ ਵਿਚ :–*

ਕਾਜ਼ੀ ਨੂਰ ਮੁਹੰਮਦ ਆਪਣੀ ਪੁਸਤਕ 'ਜੰਗਨਾਮਾ' ਵਿਚ ਕਿਆਨ ਕਰੀ ਜਾ ਰਹੇ ਹਨ–

ਦੂਜੇ ਦਿਨ ਸੂਰਜ ਚੜ੍ਹਦਿਆਂ ਹੀ ਪਾਤਸ਼ਾਹ ਨੇ ਫੇਰ ਅੱਗੇ ਨੂੰ ਕੂਚ ਕਰ ਦਿਤਾ। ਪਰ ਅਜੇ ਦੋ ਤਿੰਨ ਕੋਹ ਹੀ ਗਏ ਸਨ ਕਿ ਅਗੋਂ ਕਾਲੇ ਮੂੰਹ ਵਾਲੇ ਕੁੱਤਿਆਂ ਆਣ ਹੱਲਾ ਕੀਤਾ ਤੇ ਇਨ੍ਹਾਂ ਪਾਤਸ਼ਾਹ ਦੀ ਫ਼ੌਜ ਨੂੰ ਅਗੋਂ ਸਜਿਓਂ-ਖਬਿਓਂ ਰੋਕ ਲਿਆ। ਅੱਜ ਇਨ੍ਹਾਂ ਨੇ ਆਪਣੀ ਸੈਨਾ ਦੀ ਕੱਲ੍ਹ ਵਾਲੀ ਤਰਤੀਬ ਬਦਲਾ ਦਿਤੀ ਸੀ, ਅਰਥਾਤ ਸੱਜੇ ਹੱਥ ਵਾਲੀ ਸੈਨਾ ਖੱਬੇ ਹੱਥ ਤੇ ਖੱਬੇ ਹੱਥ ਵਾਲੀ ਸੱਜੇ ਹੱਥ। ਏਸੇ ਤਰ੍ਹਾਂ ਮੁਹਰੈਲ ਸੈਨਾ ਥੱਨੀ ਹੋ ਗਈ ਸੀ ਤੇ ਥੱਨੇ ਵਾਲੇ ਮੁਹਰੈਲ ਹੋ ਗਏ ਸਨ।

ਇਸ ਵਿਉਂਤ ਨਾਲ ਆਪਣੇ ਲਸ਼ਕਰ ਨੂੰ ਰਣ-ਭੂਮੀ ਵਿਚ ਲਿਆਏ। ਹੱਲਾ ਕਰਨ ਵਾਲੇ ਸਿੰਘਾਂ ਦੇ ਦਸਤੇ ਛਾਲਾਂ ਮਾਰਦੇ ਬੜੀ ਤੇਜ਼ੀ ਨਾਲ ਪਾਤਸ਼ਾਹ ਦੀ ਫੌਜ ਵਿਚ ਘੁਸ ਗਏ ਤੇ ਲੜਾਈ ਛੇੜ ਦਿਤੀ। ਥੋੜਾ ਜਿਹਾ ਹੀ ਅੱਗੇ ਤੁਰ ਕੇ ਬਾਦਸ਼ਾਹ ਦਾ ਅੱਗੇ ਵਧਣਾ ਰੁਕ ਗਿਆ। ਉਸ ਨੇ ਉਥੇ ਹੀ ਝੰਡੇ ਗੱਡ ਦਿਤੇ ਤੇ ਖੜਾ ਹੋ ਗਿਆ ਅਤੇ ਹੁਕਮ ਦਿਤਾ ਕਿ ਸਾਰੀ ਫ਼ੌਜ ਕਲ੍ਹ ਵਾਂਗ ਆਪਣੀ ਆਪਣੀ ਥਾਂ ਖੜੋ ਕੇ ਡਟ ਕੇ ਲੜਾਈ ਕਰੇ। ਨਾਲ ਹੀ ਪਾਤਸ਼ਾਹ ਨੇ ਆਪਣੀ ਫ਼ੌਜ ਦੇ ਆਲੇ ਦੁਆਲੇ ਚੱਕਰ ਲਾਉਣਾ ਸ਼ੁਰੂ ਕੀਤਾ। ਉਹ ਆਪ ਹਰ ਇਕ ਸਰਦਾਰ ਪਾਸ ਗਿਆ ਤੇ ਕਹਿਆ ਕਿ ਤੁਸੀਂ ਆਪਣੀ ਥਾਂ ਤੋਂ ਬਿਲਕੁਲ ਨਹੀਂ ਹਿਲਣਾ ਤੇ ਅੱਗੇ ਨਹੀਂ ਵਧਣਾ। ਇਹ ਜਗ੍ਹਾ ਛੱਡ ਕੇ ਹੋਰ ਥਾਂ ਟੋਲਣ ਦੀ ਨਾ ਕਰਿਓ। ਇਸ ਤਰ੍ਹਾਂ ਤਾਕੀਦ ਤੇ ਪਕਿਆਈ ਕਰਦਾ ਜਦ ਪਾਤਸ਼ਾਹ ਬਲੋਚਾਂ ਦੇ ਸਰਦਾਰ ਮੁਹੰਮਦ ਨਸੀਰ ਖਾਨ ਪਾਸ ਆਇਆ ਤਾਂ ਉਸ ਨੂੰ ਸਖ਼ਤ ਤਾਕੀਦ ਕੀਤੀ ਕਿ ਜਦ ਤਕ ਮੇਰਾ ਹੁਕਮ ਨਾ ਆਵੇ, ਆਪਣੇ ਲਸ਼ਕਰ ਨੂੰ ਲੈ ਕੇ ਆਪਣੀ ਥਾਂ ਉਤੇ ਪਹਾੜ ਵਾਂਗ ਡਟੇ ਰਹਿਣਾ। ਇਕ ਕਦਮ ਵੀ ਅੱਗੇ ਨਹੀਂ ਪੁਟਣਾ। ਜਦ ਹੱਲੇ ਦਾ ਹੁਕਮ ਹੋਵੇ ਤਾਂ ਸਾਰੇ ਲਸ਼ਕਰ ਨੇ ਇਕ ਵਾਰ ਹੀ ਕਾਫ਼ਰਾਂ ਉਤੇ ਟੁਟ ਪੈਣਾ।

ਕੁਝ ਸਮਾਂ ਇੰਜ ਖੜੋਤਿਆਂ ਨੂੰ ਲੰਘ ਗਿਆ ਤੇ ਪਾਤਸ਼ਾਹ ਨੇ ਚੰਗਾ ਮੌਕਿਆ ਵੇਖ ਕੇ ਹੱਲਾ ਕਰਨ ਦਾ ਹੁਕਮ ਦੇ ਦਿਤਾ। ਸਾਰੀ ਫ਼ੌਜ ਇਕ ਵਾਰ ਹੀ ਟੁਟ ਕੇ ਪੈ ਗਈ ਤੇ ਵੈਰੀ ਨੱਸ ਤੁਰਿਆ। ਜਦ ਦੋ ਤਿੰਨ ਕੋਹ ਅੱਗੇ ਵਧ ਗਏ ਤਾਂ ਕੋਈ ਭੀ ਵੈਰੀ ਮੈਦਾਨ-ਏ-ਜੰਗ ਵਿਚ ਨਹੀਂ ਸੀ ਦਿਸਦਾ। ਇਸ ਲਈ ਸਾਰੇ ਗਾਜ਼ੀ ਪਿਛੇ ਨੂੰ ਮੁੜ ਪਏ। ਇਹਨਾਂ ਦੇ ਮੁੜਨ ਦੀ ਦੇਰ ਸੀ ਕਿ ਮਗਰੇ ਮਗਰ ਸਿੰਘ ਵੀ ਫੇਰ ਆ ਪਏ, ਜੋ ਦਿਵਾਨਿਆਂ ਵਾਂਗ ਪਿਛੇ ਚੁਫੇਰੇ ਖਿੰਡ ਪੁੰਡ ਕੇ ਹੱਲੇ ਕਰਦੇ ਤੇ ਰਣ-ਤੱਤੇ ਵਿਚ ਚੰਗੀ ਸੂਰਬੀਰਤਾ ਵਿਖਾਉਂਦੇ ਸਨ।

ਪਾਤਸ਼ਾਹ ਹੁਣ ਫੇਰ ਆਪਣੇ ਲਸ਼ਕਰ ਵਿਚਚੱਕਰ ਲਾਉਣ ਲੱਗ ਪਿਆ ਤੇ ਬਲੋਚਾਂ ਦੇ ਸਰਦਾਰ ਨੂੰ ਤਾਕੀਦ ਕੀਤੀ ਕਿ ਵੈਰੀ ਨੂੰ ਆਪਣੇ ਸਾਮ੍ਹਣੇ ਵੇਖ ਕੇ ਵੀ ਅੱਗੇ ਨਾ ਵਧਣਾ, ਸਗੋਂ ਆਪਣੀ ਆਪਣੀ ਥਾਂ ਉਤੇ ਕਾਫ਼ ਪਹਾੜ ਵਾਂਗ ਡੱਟੇ ਰਹਿਣਾ। ਮੈਂ ਦੂਸਰੇ ਸਾਰੇ ਸਰਦਾਰਾਂ ਤੇ ਗ਼ਾਜ਼ੀਆਂ ਨੂੰ ਇਹੋ ਹੀ ਤਾਕੀਦ ਤੇ ਨਸੀਹਤ ਕੀਤੀ ਹੈ। ਨਸੀਰ ਖਾਨ ਨੇ ਇਹ ਗੱਲ ਸੁਣ ਕੇ ਆਪਣੇ ਥਾਂ ਤੋਂ ਕਿਸੇ ਪਾਸੇ ਹਿਲਣਾ ਚੰਗਾ ਨਾ ਸਮਝਿਆ ਅਤੇ ਇਸ ਤੋਂ ਪਿਛੋਂ ਜਿਥੇ ਖੜੋਤਾ ਸੀ ਉਥੇ ਹੀ ਡੱਟ ਕੇ ਖੜਾ ਰਿਹਾ। ਸਾਰਾ ਦਿਨ ਲੜਾਈ ਹੁੰਦੀ ਰਹੀ। ਸੂਰਜ ਡੁਬਣ ਤੇ ਸਿਖ ਆਪਣੀ ਆਦਤ ਅਨੁਸਾਰ ਆਪਣੀ ਯੁਧ-ਚਾਲ ਨਾਲ ਰਣ-ਭੂਮੀ ਵਿਚੋਂ ਪਿਛੇ ਹਟ ਗਏ। ਪਾਤਸ਼ਾਹ ਤੇ ਉਸ ਦੀ ਸੈਨਾ ਵੀ ਆਪੋ ਆਪਣੇ ਟਿਕਾਣੀਂ ਆ ਗਏ। ਅੱਜ ਵੀ ਤੇਗਾਂ ਤੀਰਾਂ ਤੇ ਬੰਦੂਕਾਂ



www.AKJ.Org

ਨਾਲ ਕਈ ਸੱਗ ਮਾਰੇ ਗਏ ਸਨ।

[ਨੋਟ :-

ਅੱਜ ਦੀ ਲੜਾਈ ਤੋਂ ਤਿੰਨ ਗੱਲਾਂ ਸਪੱਸ਼ਟ ਹੁੰਦੀਆਂ ਹਨ। ਪਹਿਲੀ ਇਹ ਕਿ ਲੜਾਈ ਸੂਰਜ ਚੜ੍ਹੇ ਤੋਂ ਲੈ ਕੇ ਸੂਰਜ ਡੁਬਣ ਤੀਕ ਸਾਰਾ ਦਿਨ ਹੀ ਹੁੰਦੀ ਰਹੀ। ਖਾਲਸਾ ਜੀ ਨੇ ਹਨੇਰਾ ਹੋ ਜਾਣ ਕਾਰਨ ਦੁਰਾਨੀ ਫ਼ੌਜ ਦਾ ਖਹਿੜਾ ਛਡਿਆ ਹੋਊ। ਦੂਜੀ ਗੱਲ ਇਹ ਕਿ ਅਹਿਮਦ ਸ਼ਾਹ ਦੀ ਫ਼ੌਜ ਨੂੰ ਆਪਣੇ ਥਾਂ ਤੋਂ ਅਗੇ ਵਧਣ ਦਾ ਬਿਲਕੁਲ ਹੁਕਮ ਨਹੀਂ ਸੀ। ਉਨ੍ਹਾਂ ਨੂੰ ਹੁਕਮ ਸੀ ਕਿ ਆਪਣੀ ਥਾਂ ਤੇ ਹੀ ਖੜੋ ਕੇ ਆਪਣਾ ਬਚਾਅ ਕਰਨ, ਤੇ ਉਹ ਇੰਜ ਹੀ ਕਰਦੇ ਰਹੇ। ਸਾਰਾ ਦਿਨ ਸਿੰਘ ਹੀ ਦੁਰਾਨੀ ਫੌਜ ਉਤੇ ਹੱਲੇ ਕਰ ਕਰ ਕੇ ਝਪਟਦੇ ਰਹੇ। ਤੀਜਾ ਇਹ ਮਾਲੂਮ ਹੁੰਦਾ ਹੈ ਕਿ ਸਿੰਘ ਅੱਜ ਵਧੇਰ ਸਿਆਣਪ ਨਾਲ ਲੜੇ ਤੇ ਬਹੁਤ ਘਟ ਸ਼ਹੀਦ ਹੋਏ। ਜੇਕਰ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਿਣਤੀ ਕੁਝ ਵਧੇਰੇ ਹੁੰਦੀ ਤਾਂ ਕਾਜ਼ੀ ਨੂਰ ਮੁਹੰਮਦ ਆਪਣੇ ਬਿਆਨ ਵਿਚ ਆਪਣੀ ਆਦਤ ਅਨੁਸਾਰ ਜ਼ਰੂਰ ਚਟਖਾਰੇ ਲੈ ਲੈ ਕੇ ਲਿਖਦਾ ਤੇ ਡੀਂਗਾਂ ਮਾਰਦਾ ਕਿ ਐਨੇ ਸਿਰਾਂ ਦੀ ਗਿਣਤੀ ਦਫ਼ਤਰ ਵਿਚ ਚਾੜ੍ਹੀ ਗਈ।

ਕਾਜ਼ੀ ਜੀ ਦੀ ਇਸ ਗੱਲ ਵਿਚ ਕੋਈ ਵਜ਼ਨ ਨਹੀਂ ਜਾਪਦਾ ਕਿ ਦੁਰਾਨੀ ਸੈਨਾ ਨੇ ਯਕਲਖਤ ਹੱਲਾ ਕੀਤਾ ਤੇ ਸਿੰਘ ਅੱਗੇ ਨੱਸ ਤੁਰੇ। ਮੈਦਾਨ ਵਿਚ ਕੋਈ ਨਜ਼ਰ ਹੀ ਨਹੀਂ ਸੀ ਆਉਂਦਾ। ਦੋ ਤਿੰਨਾਂ ਕੋਹਾਂ ਤਕ ਸਿੰਘਾਂ ਦਾ ਪਿੱਛਾ ਕੀਤਾ ਗਿਆ। ਗ਼ਾਜ਼ੀਆਂ ਪਿਠ ਮੋੜੀ ਹੀ ਸੀ ਕਿ ਭੌਂ ਕੇ ਪਿਛੋਂ ਸਿੰਘ ਮੋਢੀਂ ਆ ਚੜ੍ਹੇ ਤੇ ਸਾਰੇ ਪਾਸਿਆਂ ਤੋਂ ਹੱਲੇ ਕਰਨ ਲੱਗ ਪਏ। ਤੇ ਆਪਣੀ ਸੂਰਮਗਤੀ ਦੇ ਖ਼ੂਬ ਜੌਹਰ ਦਿਖਾਏ।

ਏਥੇ ਇਕ ਪਲ ਰੁਕ ਕੇ ਸੋਚਣ ਵਾਲੀ ਗੱਲ ਹੈ ਕਿ ਸੂਰਜ ਚੜ੍ਹਦੇ ਸਾਰ ਸਿੰਘਾਂ ਵਲੋਂ ਰਾਹ ਰੋਕਣ ਤੇ ਅਹਿਮਦ ਸ਼ਾਹ ਨੇ ਸਾਰੇ ਸਰਦਾਰਾਂ, ਗਾਜ਼ੀਆਂ ਤੇ ਮੀਰ ਨਸੀਰ ਖਾਨ ਬਲੋਚ ਨੂੰ ਖ਼ਾਸ ਕਰਕੇ ਤਾਕੀਦ ਕੀਤੀ ਕਿ ਤੁਸਾਂ ਆਪਣੇ ਪੈਂਤੜੇ ਛੱਡ ਕੇ ਅੱਗੇ ਨਹੀਂ ਵਧਣਾ। ਪਰ ਜਦ ਹੱਲੇ ਦਾ ਹੁਕਮ ਦਿਤਾ ਤੇ ਦੁਰਾਨੀ ਫ਼ੌਜ ਸਿੰਘਾਂ ਉਤੇ ਇਕ ਵਾਰ ਹੀ ਟੁੱਟ ਪਈ ਤਾਂ ਸਿੰਘ ਅਗੇ ਨੱਸ ਤੁਰੇ। ਤਿੰਨਾਂ ਕੋਹਾਂ ਤਕ ਪਿੱਛਾ ਕੀਤਾ ਤੇ ਕੋਈ ਵੈਰੀ ਨਜ਼ਰ ਹੀ ਨਾ ਆਇਆ, ਪਰ ਗਾਜ਼ੀਆਂ ਦੇ ਪਿਠ ਮੋੜਦਿਆਂ ਸਾਰ ਹੀ ਸਿੰਘ ਆਣ ਪਏ। ਤੇ ਸਾਰੇ ਪਾਸਿਆਂ ਤੋਂ ਹੱਲੇ ਕਰਨ ਲੱਗ ਪਏ ਤੇ ਉਨ੍ਹਾਂ ਆਪਣੀ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ। ਕਾਜ਼ੀ ਜੀ ਅਸਲੀਅਤ ਨੂੰ ਛੁਪਾਉਂਦੇ ਹਨ। ਵੇਖੋ ਸਾਰੀ ਸੈਨਾ ਸਿੰਘਾਂ ਉਤੇ ਟੁੱਟ ਕੇ ਪੈ ਗਈ ਤੇ ਸਿੰਘ ਨੱਸ ਤੁਰੇ। ਤਿੰਨ ਕੋਹ ਨੱਸੇ ਗਏ। ਫਿਰ ਕੋਈ ਵੀ ਨਾ ਦਿਸਿਆ। ਐਡੀ ਤਕੜੀ ਸੈਨਾ, ਚੰਗਿਆਂ ਇਰਾਕੀ ਅਰਬੀ ਤੇ ਖ਼ਤਲੀ ਘੋੜਿਆਂ ਉਤੇ ਅਸਵਾਰ ਹੋ ਕੇ ਸਿੰਘਾਂ ਨੂੰ ਤਿੰਨਾਂ ਕੋਹਾਂ ਤਕ ਮਿਲ ਹੀ ਨਹੀਂ ਸਕੀ। ਤੇ ਫਿਰ ਉਹ ਦਿਸਣੋਂ ਵੀ ਹਟ ਗਏ। ਕਾਜ਼ੀ ਜੀ ਦਸਦੇ ਨਹੀਂ ਕਿ ਸਿੰਘ ਕਿਸ ਚੀਜ਼ ਉਤੇ ਅਸਵਾਰ ਸਨ ? ਪਹਿਲਾਂ ਤਾਂ ਦਿਸਦੇ ਹੀ ਨਹੀਂ, ਪਰ ਜਦ ਗਾਜ਼ੀ ਮੁੜੇ ਤਾਂ ਪਿਛੋਂ ਸਿੰਘ ਵੀ ਆਣ ਪਏ। ਜੋ ਦਿਸਦੇ ਹੀ ਨਹੀਂ ਉਹ ਐਡੀ ਛੇਤੀ ਕਿਧਰੋਂ ਆ ਗਏ। ਤੇ ਫਿਰ ਗਾਜ਼ੀਆਂ ਨੂੰ ਚੁਫੇਰਿਓਂ ਘੇਰ ਕੇ ਹੱਲੇ ਕਰਨ ਲਗ ਪਏ ਤੇ ਬਹਾਦਰੀ ਦੇ ਜੌਹਰ ਦਿਖਾਉਣ ਲੱਗ ਪਏ। ਤੇ ਸਾਰਾ ਦਿਨ, ਸੰਝ ਤਕ ਲੜਾਈ ਹੁੰਦੀ ਰਹੀ। ਕਿੱਡੀ ਅਜੀਬ ਗੱਲ ਹੈ ! ਜੋ ਐਡੀ ਵੱਡੀ ਸੈਨਾ ਦੇ ਅੱਗੇ ਲਗ ਕੇ ਜਾਨ ਬਚਾਉਣ ਲਈ ਨੱਸ ਤੁਰਦਾ ਹੈ, ਉਹ ਭਲਾ ਬਚ ਕੇ ਜਾਊ ਕਿਥੇ ? ਅੱਗੇ ਲੱਗ ਕੇ ਨੱਸੇ ਹੋਏ ਪਰਤ ਕੇ ਸੈਨਾ ਨੂੰ ਘੇਰ ਲੈਂਦੇ ਹਨ ਤੇ ਸ਼ਾਮ ਤਕ ਖਹਿੜਾ ਹੀ ਨਹੀਂ ਛਡਦੇ ! ਹਕੀਕਤ ਇਹ ਹੈ, ਜਿਸ ਦਾ ਜ਼ਿਕਰ ਕਾਜ਼ੀ ਜੀ ਨੇ ਸਿੰਘਾਂ ਦੀ ਮਰਦਾਨਗੀ ਦੇ ਬਿਆਨ ਵਿਚ ਕੀਤਾ ਹੈ, ਕਿ ਖਾਲਸਾ ਜੀ ਨੇ ਗਾਜ਼ੀਆਂ ਨੂੰ ਆਪਣੇ ਪੈਂਤੜਿਆਂ ਤੋਂ ਹਿਲਾਉਣ ਲਈ ਆਪਣੇ ਵਿਚ ਭਾਂਜ ਪੈ ਗਈ ਦਾ ਝਾਕਾ ਦਿਤਾ ਹੋਵੇਗਾ, (ਇਸ ਜੰਗੀ ਦਾਉ ਨੂੰ ਸਿੰਘ ਆਮ ਵਰਤਦੇ ਸਨ। ਤਾਂ ਹੀ ਤਾਂ ਕਾਜ਼ੀ ਜੀ ਅਫਗਾਨ ਤੇ ਬਲੋਚ ਜਵਾਨਾਂ ਨੂੰ ਨਸੀਹਤ ਕਰਦੇ ਹਨ ਕਿ ਇਨ੍ਹਾਂ ਦੀ ਫੌਜ ਵਿਚ ਪਈ ਭਾਂਜ ਨੂੰ ਭਾਂਜ ਨਾ ਸਮਝਿਓ, ਇਹ ਇਕ


www.AKJ.Org

ਇਨ੍ਹਾਂ ਦਾ ਦਾਉ ਹੈ, ਇਸ ਤੋਂ ਡਰਿਓ, ਬਚਿਓ, ਦੁਬਾਰਾ ਬਚਿਓ।) ਤਾਕਿ ਇਨ੍ਹਾਂ ਨੂੰ ਇਨ੍ਹਾਂ ਦੇ ਪੈਂਤੜੇ ਛੁਡਾ ਕੇ ਆਪਣੇ ਮਗਰ ਲਾ ਕੇ ਥੋੜੀ ਜਿਹੀ ਦੂਰ ਲੈ ਆਈਏ ਤੇ ਫਿਰ ਅਫਗਾਨ ਤੇ ਬਲੋਚ ਬੱਚਿਆਂ ਨੂੰ ਤੇਗਾਂ ਦੀਆਂ ਧਾਰਾਂ ਤੇ ਨੇਜ਼ਿਆਂ ਦੀਆਂ ਅਣੀਆਂ ਉਤੇ ਤੋਲ ਦਈਏ ਤੇ ਅਹਿਮਦਸ਼ਾਹ ਦੀ 'ਪਰ੍ਹਾ ਬੰਨ੍ਹ ਕੇ ਲੜਨ ਦੀ ਸਿੱਕ' ਪੂਰੀ ਕਰ ਦੇਈਏ। ਗੱਲ ਵੀ ਇੰਜ ਹੀ ਹੋਈ ਦਿਸਦੀ ਹੈ। ਗ਼ਾਜ਼ੀਆਂ ਨੇ ਸਿੰਘਾਂ ਨੂੰ ਨਹੀਂ ਭਜਾਇਆ, ਸਗੋਂ ਸਿੰਘਾਂ ਨੇ ਗਾਜ਼ੀਆਂ ਨੂੰ ਆਪਣੇ ਮਗਰ ਲਾ ਲਿਆ ਹੈ। ਕਾਜ਼ੀ ਜੀ ਇਸ ਨੂੰ ਸਿੰਘਾਂ ਦਾ ਅੱਗੇ ਲਗ ਕੇ ਨੱਸ ਤੁਰਨਾ ਦਸਦੇ ਹਨ।

ਫਿਰ ਪਤਾ ਓਦੋਂ ਲਗਦਾ ਹੈ ਜਦ ਪਿਠ ਮੋੜਦਿਆਂ ਸਾਰ ਹੀ ਉਹ ਮਗਰੇ ਮਗਰ ਆਣ ਪੈਂਦੇ ਹਨ ਤੇ ਚੁਫੇਰਿਓਂ ਹੱਲੇ ਕਰਨ ਸ਼ੁਰੂ ਕਰ ਦੇਂਦੇ ਹਨ। ਮਾਰੋ ਮਾਰ ਹੋਣ ਲੱਗ ਪੈਂਦੀ ਹੈ। ਅਹਿਮਦ ਸ਼ਾਹ ਹੁਣ ਫੇਰ ਆਪਣੀ ਸੈਨਾ ਨੂੰ ਤੇ ਬਲੋਚਾਂ ਦੇ ਸਰਦਾਰ ਨੂੰ ਤਾਕੀਦ ਕਰਦਾ ਹੈ ਕਿ ਆਪਣੀ ਆਪਣੀ ਥਾਂ ਉਤੇ ਖੜੋ ਜਾਵੋ। ਵੈਰੀ ਨੂੰ ਸਾਮ੍ਹਣੇ ਵੇਖ ਕੇ ਆਪਣੀ ਥਾਂ ਤੋਂ ਅੱਗੇ ਨਾ ਵਧੋ। ਇਕ ਇਕ ਸਰਦਾਰ ਤੇ ਸਾਰਿਆਂ ਗਾਜ਼ੀਆਂ ਨੂੰ ਇਹੋ ਹੁਕਮ ਹੈ। ਸਾਰਾ ਦਿਨ ਲੜਾਈ ਹੁੰਦੀ ਰਹੀ ਅਤੇ ਸੂਰਜ ਡੁਬਣ ਤੇ ਸਿੰਘ ਪਿਛੇ ਹਟੇ। ਕਾਜ਼ੀ ਜੀ ਇਹ ਨਹੀਂ ਦਸਦੇ ਕਿ ਫਿਰ ਦੂਹਰੀ ਵਾਰ ਸਿੰਘਾਂ ਨੂੰ ਹੱਲਾ ਕਰ ਕੇ ਕਿਉਂ ਨਾ ਅੱਗੇ ਨਸਾ ਲਿਆ ? ਗਾਜ਼ੀ ਕਿਉਂ ਇਕੋ ਥਾਂ ਖਲੋ ਕੇ ਹੀ ਬਚਾਉ ਕਰਦੇ ਰਹੇ ? ਹੁਣ ਸਿੰਘ ਪਰ੍ਹਾ ਬੰਨ੍ਹ ਕੇ ਲੜਨ ਡਹੇ ਹੋਏ ਹਨ, ਹੱਲੇ ਤੇ ਹੱਲਾ ਕਰ ਰਹੇ ਹਨ, ਅਹਿਮਦ ਸ਼ਾਹ ਅਬਦਾਲੀ ਅਗਾਂਹ ਕਿਉਂ ਨਹੀਂ ਹੁੰਦਾ ? ਕਹਿੰਦਾ ਸੀ, ਸਿੰਘ ਕਿਧਰੇ ਨਜ਼ਰ ਨਹੀਂ ਆਉਂਦੇ, ਹੁਣ ਤਾਂ ਸਿੰਘ ਬਘਿਆੜਾਂ ਸਮਾਨ ਦੁਰਾਨੀ ਸੈਨਾ ਨੂੰ ਭੇਡਾਂ ਦੇ ਇਜੜ ਵਾਂਗ ਘੇਰੀ ਖਲੋਤੇ ਹਨ ! ਅਹਿਮਦ ਸ਼ਾਹ ਵਿਚ ਜੇ ਬਲ ਹੁੰਦਾ ਤਾਂ ਇਕ ਵਾਰ ਪਾਨੀਪਤ ਜਾਂ ਕੁਪ-ਰਹੀੜੇ ਵਾਂਗ ਦੋ ਹੱਥ ਤਾਂ ਕਰਦਾ ? ਕਾਜ਼ੀ ਜੀ ਪਾਸ ਇਸ ਦਾ ਕੋਈ ਜਵਾਬ ਨਹੀਂ, ਸਿਵਾਏ ਸੱਚ ਨੂੰ ਛੁਪਾਉਣ ਤੋਂ। ਜ਼ਬਾਨ ਨਾਲ ਤੜ੍ਹ ਮਾਰ ਲੈਣੀ ਵਖਰੀ ਗੱਲ ਹੈ, ਪਰ ਬਿਗਾਨਿਆਂ ਪੁੱਤਾਂ ਨਾਲ ਮੈਦਾਨ ਵਿਚ ਤਲਵਾਰੀਂ ਕੁਝ ਕਰ ਕੇ ਵਿਖਾਉਣਾ ਇਕ ਦੂਜੀ ਗੱਲ ਹੈ। **-ਸਵਰਨ ਸਿੰਘ**]

## *ਸਿਖਾਂ ਦੀ ਤੀਜੇ ਦਿਨ ਦੀ ਲੜਾਈ ਦੇ ਬਿਆਨ ਵਿਚ :-*

ਹੁਣ ਅੱਗੇ ਕਾਜ਼ੀ ਜੀ ਫ਼ੁਰਮਾਂਦੇ ਹਨ :-

ਜਦ ਤੀਸਰੇ ਦਿਨ ਦਾ ਸੂਰਜ ਚੜ੍ਹਿਆ ਤਾਂ ਪਾਤਸ਼ਾਹ ਦੇ ਹੁਕਮ ਨਾਲ ਸਾਰੀ ਸੈਨਾ ਨੇ ਅੱਗੇ ਨੂੰ ਕੂਚ ਕੀਤਾ। ਅਜੇ ਪੰਜ ਛੇ ਕੋਹ ਹੀ ਚਲੇ ਹੋਵਾਂਗੇ ਕਿ ਕੱਲ ਵਾਂਗ ਸਿਖ ਫਿਰ ਚੜ੍ਹ ਆਏ ਤੇ ਪਹਿਲਾਂ ਵਾਂਗ ਰਾਹ ਰੋਕ ਲਿਆ ਤੇ ਲੜਨ ਲੱਗ ਪਏ। ਸਾਰਾ ਦਿਨ ਹੱਲੇ ਕਰਦੇ ਰਹੇ ਤੇ ਗੋਲੀਆਂ ਦਾਗਦੇ ਰਹੇ। ਕੱਲ ਵਾਂਗ ਉਹ ਫਿਰ ਸੰਝ ਨੂੰ ਪਿਛੇ ਹਟ ਗਏ।

ਮੁਕਦੀ ਗੱਲ ਇਹ ਕਿ ਇਸ ਤਰ੍ਹਾਂ ਉਹ ਸੱਤ ਦਿਨ ਜੰਗ ਕਰਦੇ ਰਹੇ। ਜਦ ਪਾਤਸ਼ਾਹ ਕੂਚ ਲਈ ਅਸਵਾਰ ਹੁੰਦਾ ਸੀ ਤਾਂ ਉਹ ਵੀ ਆ ਜਾਂਦੇ ਸਨ ਤੇ ਪਾਤਸ਼ਾਹ ਦੇ ਮੁਕਾਬਲੇ ਉਤੇ ਨਾਲ ਨਾਲ ਤੁਰੇ ਜਾਂਦੇ ਸਨ। ਜਦ ਪਾਤਸ਼ਾਹ ਪੜਾਉ ਕਰਨ ਲਈ ਰੁਕ ਜਾਂਦਾ ਤਾਂ ਇਹ ਵੀ ਸਾਮ੍ਹਣੇ ਹੋ ਕੇ ਲੜਾਈ ਛੇੜ ਦੇਂਦੇ।

*[ਨੋਟ :-*

ਕਾਜ਼ੀ ਜੀ ਨੇ ਤੀਸਰੇ ਦਿਨ ਦੀ ਲੜਾਈ ਦੇ ਹਾਲ ਤੋਂ ਪਿਛੋਂ ਚੌਥੇ, ਪੰਜਵੇਂ, ਅਤੇ ਛੇਵੇਂ ਦਿਨ ਦੀਆਂ ਲੜਾਈਆਂ ਦਾ ਕੋਈ ਹਾਲ ਜਾਂ ਜ਼ਿਕਰ ਨਹੀਂ ਕੀਤਾ। ਸਤਵੇਂ ਦਿਨ ਦੀ ਸਿੰਘਾਂ ਦੀ ਲੜਾਈ ਦਾ ਜ਼ਿਕਰ ਜਾ ਕਰਦਾ ਹੈ। ਇਹ ਜੰਗ ਸਿੰਘਾਂ ਨੇ ਬਿਆਸ ਦਰਿਆ ਦੇ ਕੰਢੇ ਉਤੇ ਕੀਤਾ। ਚੌਥੇ, ਪੰਜਵੇਂ ਤੇ ਛੇਵੇਂ ਦਿਨ ਦੀਆਂ ਲੜਾਈਆਂ ਵਿਚ ਜੇ ਦੁਰਾਨੀ ਲਸ਼ਕਰ ਤੋਂ ਕੁਝ ਸਰਿਆ ਹੁੰਦਾ ਤਾਂ ਕਾਜ਼ੀ ਹੁਰੀਂ ਵਧਾ ਚੜ੍ਹਾ ਕੇ ਜ਼ਰੂਰ ਜ਼ਿਕਰ ਕਰਦੇ। ਉਨ੍ਹਾਂ ਦਾ ਇਹ ਬੰਦ-



www.AKJ.Org

ਸੁਖ਼ਨ ਮੁਖ਼ਤਸਰ ਹਫ਼ਤ ਰੋਜ਼ ਈਂ ਸਗਾਂ । ਹਮੀਂ ਜੰਗ ਕਰਦੰਦ ਆਂ ਬਦ ਰਗਾਂ ।

[ਸਫ਼ਾ ੧੬੫, ਬੰਦ ੧੬ਵਾਂ

[ਉਲਥਾ : ਮੁਕਦੀ ਗਲ ਇਹ ਕਿ ਸੱਤ ਦਿਨਾਂ ਤਕ ਇਹ ਜੰਗ ਇੰਜ ਹੀ ਲੜਦੇ ਰਹੇ ।]

ਸੱਾਰਾ ਨਕਸ਼ਾ ਸਾਮ੍ਹਣੇ ਲੈ ਆਉਂਦਾ ਹੈ ਕਿ ਇਨ੍ਹਾਂ ਦਿਨਾਂ ਵਿਚ ਵੀ ਸਿੰਘਾਂ ਨੇ ਸ਼ਾਹ ਤੇ ਉਸ ਦੀ ਦੁਰਾਨੀ ਫ਼ੌਜ ਨੂੰ ਸੁਖ ਦਾ ਸਾਹ ਨਹੀਂ ਲੈਣ ਦਿਤਾ । ਸਗੋਂ ਰਾਹ ਰੋਕ ਕੇ ਝਪਟੇ ਮਾਰ ਮਾਰ ਕੇ ਉਨ੍ਹਾਂ ਦੀ ਨੱਕ ਜਿੰਦ ਲਿਆ ਛੱਡੀ । ਉਹ ਆਪਣਾ ਬਚਾਅ ਕਰੀ ਜਾਣ ਵਿਚ ਹੀ ਆਪਣੀ ਜਿਤ ਸਮਝਦਾ ਰਿਹਾ । **–ਸਵਰਨ ਸਿੰਘ**]

***ਸਿਖਾਂ ਦਾ ਸਤਵੇਂ ਦਿਨ ਦਾ ਜੰਗ, ਜੋ ਕਿ ਆਖਰੀ ਜੰਗ ਸੀ, ਦੇ ਬਿਆਨ ਵਿਚ:—***

ਲਿਖਿਆ ਹੈ :–

ਜਦ ਸਤਵੇਂ ਦਿਨ ਦਾ ਸੂਰਜ ਚੜ੍ਹ ਪਿਆ ਤਾਂ ਬਾਦਸ਼ਾਹ ਕੂਚ ਕਰ ਕੇ ਅੱਗੇ ਨੂੰ ਰਵਾਨਾ ਹੋਇਆ । ਜਦ ਦਰਿਆ (ਬਿਆਸ) ਦੇ ਕੰਢੇ ਉਤੇ ਪੁਜ ਗਏ ਤਾਂ ਪਾਤਸ਼ਾਹ ਨੇ ਹੁਕਮ ਦਿਤਾ ਕਿ ਮਾਲ ਨਾਲ ਲੱਦੇ ਹੋਏ ਊਠ, ਸੁਦਾਗਰ, ਦੁਕਾਨਦਾਰ ਸ਼ਾਗਿਰਦ ਪ੍ਰੇਸ਼ਾ ਲੋਕ, ਟੱਬਰਦਾਰ, ਔਰਤਾਂ, ਬੱਚੇ, ਅੰਞਾਣੇ, ਖੋਤੇ ਬਲਦ ਆਦਿ ਸਭ ਤੋਂ ਪਹਿਲਾਂ ਦਰਿਆਉਂ ਪਾਰ ਲੰਘ ਜਾਣ । ਜਦ ਇਹ ਸਾਰੇ ਆਰਾਮ ਤੇ ਆਸਾਨੀ ਨਾਲ ਪਾਰ ਹੋ ਗਏ ਤਾਂ ਪਾਤਸ਼ਾਹ ਆਪ ਪਾਰ ਲੰਘਣ ਲਈ ਦਰਿਆ ਦੇ ਕੰਢੇ ਪਹੁੰਚਿਆ । ਉਸ ਵੇਲੇ ਕਿਸੇ ਦਸਿਆ ਕਿ ਸਿਖਾਂ ਦੀ ਸੈਨਾ ਆ ਪਈ ਹੈ ।

ਸ਼ਸਤਰਾਂ ਨਾਲ ਸਨੱਧ-ਬੱਧ ਤੀਹ ਹਜ਼ਾਰ ਜੰਗੀ ਸੂਰਮੇ ਦਰਿਆ ਦੇ ਦਖਣੀ ਕੰਢੇ ਉਤੇ, ਪੂਰੀ ਤਰ੍ਹਾਂ ਤਿਆਰ ਹੋ ਕੇ ਲੜਾਈ ਦੀ ਉਡੀਕ ਵਿਚ ਡਟ ਗਏ । ਪਾਤਸ਼ਾਹ ਨੇ ਹਮੇਸ਼ਾ ਦੇ ਦਸਤੂਰ ਵਾਂਗ ਹਰ ਇਕ ਸਰਦਾਰ ਨੂੰ ਹੁਕਮ ਦਿਤਾ ਕਿ ਆਪਣੇ ਆਪਣੇ ਥਾਂ ਉਤੇ ਕਾਇਮ ਰਹੋ । ਬਹੁਤਾ ਸਮਾਂ ਨਹੀਂ ਸੀ ਗੁਜ਼ਰਿਆ ਕਿ ਸਿਖ ਵੀ ਏਕਾ ਏਕ ਆਣ ਪਏ ਅਤੇ ਹਰ ਪਾਸੇ ਹੱਲੇ ਕਰ ਕਰ ਕੇ ਤਬਾਹੀ ਮਚਾਉਣ ਲਗ ਪਏ । ਜਦ ਅਸਲਾਮੀ ਲਸ਼ਕਰ ਨੇ ਇਹ ਨਜ਼ਾਰਾ ਵੇਖਿਆ ਤਾਂ ਉਹ ਬੜੇ ਕਰੋਧ ਵਿਚ ਆਏ । ਨਸੀਰ ਖ਼ਾਨ ਨੇ ਇਹ ਹਾਲਤ ਵੇਖ ਕੇ ਆਪਣਾ ਘੋੜਾ ਸਭ ਤੋਂ ਪਹਿਲਾਂ ਲੜਾਈ ਵਲ ਵਧਾਇਆ । ਉਸ ਦੇ ਪਿਛੇ ਪਿਛੇ ਫ਼ੌਜ ਓਧਰ ਨੂੰ ਵੈਰੀ ਵਲ ਵਧੀ । ਸਿੱਖ ਅੱਗੇ ਲੱਗ ਕੇ ਭਜ ਨਿਕਲੇ । ਉਨ੍ਹਾਂ ਦੇ ਪਿਛੇ ਸਾਰੀ ਸੈਨਾ ਪੰਜ ਛੇ ਕੋਹ ਤਕ ਗਈ । ਜਦ ਕੋਈ ਸਿਖ ਨਜ਼ਰ ਨਾ ਆਇਆ ਤਾਂ ਫੇਰ ਸਾਰੇ ਵਾਪਸ ਮੁੜ ਪਏ ਤੇ ਦਰਿਆ-ਕੰਢੇ ਪਹੁੰਚ ਕੇ ਓਸੇ ਤਰ੍ਹਾਂ ਖੜੋ ਗਏ ।

ਹੁਣ ਫੇਰ ਸਾਮਾਨ ਨਾਲ ਲੱਦੇ ਹੋਏ ਊਠ, ਘੋੜੇ, ਬਲਦ, ਖੋਤੇ ਤੇ ਸਾਰੇ ਦੁਕਾਨਦਾਰ, ਸੁਦਾਗਰ, ਸ਼ਾਗਿਰਦ ਪੇਸ਼ਾ ਲੋਕ, ਔਰਤਾਂ, ਬੱਚੇ ਆਦਿ ਦਰਿਅਉਂ ਪਾਰ ਲੰਘ ਗਏ ਤਾਂ ਪਾਤਸ਼ਾਹ ਆਪ ਵੀ ਪਾਰ ਹੋ ਗਿਆ । ਸਭ ਤੋਂ ਪਿਛੋਂ ਬਲੋਚਾਂ ਦਾ ਖ਼ਾਨ ਆਪਣੀ ਫੌਜ ਸਮੇਤ ਪਾਰ ਲੰਘਿਆ । ਸਿਖਾਂ ਦਾ ਇਹ ਆਖ਼ਰੀ ਜੰਗ ਸੀ । ਦੁਆਬੇ (ਬਿਸਤ ਜਲੰਧਰ) ਦੇ ਇਲਾਕੇ ਦਾ ਇਹ ਦੂਸਰਾ ਦਰਿਆ ਸੀ । ਏਥੋਂ ਅੱਗੇ ਨੂੰ ਰਵਾਨਾ ਹੋ ਕੇ ਕੁਝ ਕੁ ਮੰਜ਼ਲਾਂ ਰਸਤੇ ਵਿਚ ਕਰ ਕੇ ਸਾਰੀ ਫੌਜ ਦਰਿਆ (ਰਾਵੀ) ਕੰਢੇ ਆਣ ਪਹੁੰਚੀ । ਪਾਤਸ਼ਾਹ ਤੇ ਸਾਰੀ ਸੈਨਾ ਚੜ੍ਹੀ ਸਵਾਰੀ ਦਰਿਆ ਪਾਰ ਲੰਘ ਗਏ ਤੇ ਇਸ ਤਰ੍ਹਾਂ ਸਫ਼ਰ ਤੈਅ ਕਰ ਕੇ ਦਰਿਆ ਚਨਾਬ ਕੰਢੇ ਅੱਪੜ ਗਏ ।

[**ਨੋਟ** :–ਕਾਜ਼ੀ ਜੀ ਜੰਗਨਾਮੇ ਵਿਚ ਸਪੱਸ਼ਟ ਕਰਦੇ ਹਨ ਕਿ ਜਦ ਅਹਿਮਦ ਸ਼ਾਹ ਸਤਲੁਜ ਦਰਿਆ ਨੂੰ ਰੋਪੜੋਂ ਲੰਘ ਕੇ ਇਕ ਪੜਾਉ ਓਸੇ ਕੰਢੇ ਉਤੇ ਕਰ ਕੇ ਅਗਲੇ ਦਿਨ ਅਗੇ ਨੂੰ ਤੁਰਿਆ ਤਾਂ ਖਾਲਸਾ ਜੀ ਨੇ ਆਣ ਦਰਸ਼ਨ ਦਿਤੇ । ਦੁਰਾਨੀ-ਫ਼ੌਜ ਦਾ ਰਸਤਾ ਰੋਕ ਕੇ ਉਸ ਉਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ । ਇਹ ਖ਼ੂਨੀ ਡਰਾਮਾ ਸਤਲੁਜ ਤੇ ਬਿਆਸ ਦਰਮਿਆਨ ਦੁਆਬੇ ਦੀ ਧਰਤੀ ਉਤੇ ਲਗਾਤਾਰ ਸਤ ਦਿਨ ਹੁੰਦਾ ਰਿਹਾ ।



www.AKJ.Org

ਅਹਿਮਦ ਸ਼ਾਹ ਨੂੰ ਖਾਲਸਾ ਜੀ ਦੇ ਆਉਣ ਤੋਂ ਪਹਿਲਾਂ ਪਹਿਲਾਂ ਜਿੰਨਾ ਕੁ ਸਮਾਂ ਮਿਲਦਾ ਓਨਾ ਕੁ ਚਿਰ ਫ਼ੌਜ ਦਾ ਕੂਚ ਜਾਰੀ ਰਹਿੰਦਾ। ਖਾਲਸਾ ਜੀ ਦੇ ਆ ਕੇ ਰਾਹ ਰੋਕ ਲੈਣ ਤੇ ਸਾਰੀ ਫ਼ੌਜ ਰੁਕ ਜਾਂਦੀ ਤੇ ਅਹਿਮਦਸ਼ਾਹ ਓਥੇ ਹੀ ਰੁਕ ਜਾਂਦਾ। ਸਾਰਿਆਂ ਸਰਦਾਰਾਂ ਤੇ ਫੌਜ ਨੂੰ ਸਖ਼ਤ ਹੁਕਮ ਹੁੰਦਾ ਸੀ ਕਿ ਸਾਰੇ ਆਪਣੇ ਆਪਣੇ ਥਾਂ ਉਤੇ ਖੜੇ ਰਹਿਣ ਤੇ ਪੈਂਤੜੇ ਮੱਲੀ ਰਖਣ, ਅਗਾਂਹ ਨਾ ਵਧਣ, ਸਿੰਘ ਸਾਰਾ ਦਿਨ, ਸਵੇਰੇ ਤੋਂ ਸੰਝ ਤੀਕ, ਬਾਜਾਂ ਵਾਂਗ ਦੁਰਾਨੀਆਂ ਉਤੇ ਝਪਟੇ ਮਾਰਦੇ ਰਹਿੰਦੇ ਤੇ ਉਨ੍ਹਾਂ ਦਾ ਸਾਹ ਸੁਕਾਈ ਰਖਦੇ ! ਆਪ ਵੀ ਸ਼ਹੀਦ ਹੁੰਦੇ ਤੇ ਵੈਰੀ ਦੇ ਵੀ ਆਹੂ ਲਾਹ ਸੁਟਦੇ। ਦੁਰਾਨੀ ਸੈਨਾ ਅਹਿਮਦਸ਼ਾਹ ਦੇ ਹੁਕਮ ਦੇ ਤਹਿਤ ਸਾਰਾ ਦਿਨ, ਸੂਰਜ ਡੁਬਣ ਤੀਕ ਆਪਣਾ ਬਚਾਉ ਕਰਦੀ ਰਹਿੰਦੀ। ਹਨੇਰਾ ਹੋਣ ਤੇ ਖਾਲਸਾ ਜੀ ਪਿਛੇ ਹਟ ਕੇ ਜੰਗਲਾਂ ਵਿਚ ਟਿਕਾਣਾ ਜਾ ਕਰਦੇ । ਰਾਤ ਨੂੰ ਜ਼ਖਮੀਆਂ ਦੀ ਦੇਖ ਭਾਲ ਹੁੰਦੀ, ਅਗਲੇ ਦਿਨ ਦੇ ਜੰਗ ਦੀ ਵਿਉਂਤ ਬਣਦੀ, ਥੋੜਾ ਬਹੁਤ ਆਰਾਮ ਕਰ ਕੇ, ਦਿਨ ਚੜ੍ਹੇ ਲੰਗਰ ਪਾਣੀ ਛਕ ਕੇ ਅਹਿਮਦਸ਼ਾਹ ਦੀ ਫ਼ੌਜ ਨੂੰ ਆ ਘੇਰਦੇ ਤੇ ਫਿਰ ਸਾਰਾ ਦਿਨ ਸੰਝ ਤੀਕ ਹਮਲੇ ਕਰਦੇ ਰਹਿੰਦੇ। ਤੇ ਇਹ ਮਾਰੋ ਮਾਰ ਹਨੇਰਾ ਹੋ ਜਾਣ ਤੇ ਹੀ ਮੁਕਦੀ। ਅਗਲੇਰੇ ਦਿਨ ਫੇਰ ਖਾਲਸਾ ਜੀ ਦੇ ਆ ਪਹੁੰਚਣ ਤੋਂ ਪਹਿਲਾਂ ਪਹਿਲਾਂ ਥੋੜਾ ਜਿਹਾ ਹੋਰ ਅੱਗੇ ਵਧ ਜਾਂਦਾ। ਇੰਜ ਬਚਦਾ ਬਚਾਉਂਦਾ ਸਤਵੇਂ ਦਿਨ ਬਿਆਸ-ਕੰਢੇ ਜਾ ਅਪੜਿਆ ਤੇ ਇਸ ਦਿਨ ਦੀ ਮਾਮੂਲੀ ਜਿਹੀ ਲੜਾਈ ਪਿਛੋਂ ਦਰਿਆ ਬਿਆਸ ਪਾਰ ਹੋ ਗਿਆ ਤੇ ਦਰਿਆ ਰਾਵੀ ਵਲ ਨੂੰ ਬੜੀ ਤੇਜ਼ੀ ਨਾਲ ਵਾਹੋ ਦਾਹੀ ਹੋ ਤੁਰਿਆ। ਇਸ ਤੋਂ ਪਿਛੋਂ ਖਾਲਸਾ ਜੀ ਨੇ ਅਬਦਾਲੀ ਦਾ ਖਹਿੜਾ ਛਡ ਦਿਤਾ ਤੇ ਵਿਸਾਖੀ ਦਾ ਪੁਰਬ ਨੇੜੇ ਹੋਣ ਕਾਰਨ ਸ੍ਰੀ ਅੰਮ੍ਰਿਤਸਰ ਨੂੰ ਚਾਲੇ ਪਾ ਦਿਤੇ।

ਜੰਗਨਾਮੇ ਤੋਂ ਇਹ ਵੀ ਤਸਦੀਕ ਹੁੰਦਾ ਹੈ ਕਿ ਸਤਲੁਜ ਤੇ ਬਿਆਸ ਵਿਚਕਾਰ ਸੱਤ ਦਿਨਾਂ ਦੇ ਜੰਗਾਂ ਵਿਚ ਹਿੱਸਾ ਲੈਣ ਵਾਲੇ ਸਾਰੇ ਸਿੰਘ ਸਰਦਾਰ ਜਿਵੇਂ ਕਿ ਸ: ਚੜ੍ਹਤ ਸਿੰਘ, ਸ: ਹਰੀ ਸਿੰਘ ਭੰਗੀ, ਸ: ਝੰਡਾ ਸਿੰਘ ਭੰਗੀ, ਸ: ਗੁਜਰ ਸਿੰਘ ਭੰਗੀ, ਸ: ਜੈ ਸਿੰਘ ਕਨ੍ਹੱਈਆ, ਸ: ਜੱਸਾ ਸਿੰਘ ਰਾਮਗੜ੍ਹੀਆਂ,ਸ: ਗੁਲਾਬ ਸਿੰਘ, ਰਾਮ ਦਾਸ ਆਦਿ ਸ: ਜੱਸਾ ਸਿੰਘ ਜੀ ਆਹਲੂਵਾਲੀਆ ਦੀ ਜਥੇਦਾਰੀ ਹੇਠ ਲੜੇ ਹਨ। ਇਨ੍ਹਾਂ ਸੂਰਮਿਆਂ ਅਹਿਮਦ ਸ਼ਾਹ ਤੇ ਉਸ ਦੀ ਦੁਰਾਨੀ ਫੌਜ ਦੀ ਇਹੋ ਜਿਹੀ ਬਾਬ ਕੀਤੀ ਕਿ ਪੰਜਾਬ ਉਨ੍ਹਾਂ ਨੂੰ ਦੋਜ਼ਖ਼ ਲੱਗਣ ਲੱਗ ਪਿਆ। ਸਿੰਘਾਂ ਦੀ ਮਾਰੋ ਮਾਰ, ਜੋ ਸਵੇਰ ਤੋਂ ਸ਼ੁਰੂ ਹੋ ਕੇ ਕਿਤੇ ਸ਼ਾਮ ਨੂੰ ਹਨੇਰਾ ਹੋਏ ਤੇ ਮੁਕਦੀ, ਨੇ ਉਸ ਨੂੰ ਏਨਾ ਜ਼ਿਚ ਕੀਤਾ ਕਿ ਇਕ ਦਿਨ ਵੀ ਦੁਆਬੇ ਵਿਚ ਟਿਕ ਕੇ ਦਮ ਨਾ ਲੈਣ ਦਿਤਾ। ਸੱਤੇ ਦਿਨ ਹੀ ਤੰਦੀ ਉਤੇ ਚੜ੍ਹਾਈ ਰਖਿਆ। ਸਿੰਘਾਂ ਦੇ ਸ਼ਬਖੂਨਾਂ (ਛਪੋਲਾਂ) ਤੋਂ ਡਰਦੇ ਰਾਤ ਨੂੰ ਵੀ ਚੈਨ ਨਾ ਕਰ ਸਕਦੇ। ਇਕ ਹਫ਼ਤੇ ਵਿਚ ਹੀ ਸਿੰਘਾਂ ਨੇ ਅਖੌਤੀ ਅਜਿੱਤ ਪਾਤਸ਼ਾਹ ਨੂੰ ਧਕ ਕੇ ਬਿਆਸ ਦੇ ਕੰਢੇ ਨਾਲ ਲਾ ਦਿਤਾ।

ਅਹਿਮਦ ਸ਼ਾਹ ਇਸ ਸਿਖ-ਮਾਰ ਮੁਹਿੰਮ ਉਤੇ ਆ ਕੇ ਸ਼ੁਰੂ ਵਿਚ ਜਦ ਲਾਹੌਰੋਂ ਵਟਾਲੇ ਨੂੰ ਤੁਰਿਆ ਸੀ ਤਾਂ ਆਹਿਸਤਾ ਆਹਿਸਤਾ ਲਾਹੌਰੋਂ ਵਟਾਲੇ ਪੰਦਰੀਂ ਦਿਨੀਂ ਅੱਪੜਿਆ ਸੀ। ਬੜੇ ਆਰਾਮ ਨਾਲ ਪਿੰਡਾਂ ਤੇ ਸ਼ਹਿਰਾਂ ਨੂੰ ਲੁਟਦਾ ਤੇ ਤਬਾਹ ਕਰਦਾ ਹੋਇਆ ਢਾਈ ਮਹੀਨਿਆਂ ਵਿਚ ਸਰਹੰਦ ਪੁਜਾ ਸੀ। ਰਾਹ ਵਿਚ ਤਿਲ, ਗੰਨੇ, ਗੁੜ, ਗਾਈਆਂ ਦਾ ਮਾਸ ਭੁਖੇ ਅਫ਼ਗਾਨ ਰੱਜ ਰਜ ਕੇ ਖਾਂਦੇ ਹਨ ਤੇ ਦੇਸ਼ ਨੂੰ ਵੈਰਾਨ ਕਰ ਕੇ ਰਖ ਦੇਂਦੇ ਹਨ। ਜਦ ਖਾਲਸਾ ਜੀ ਭਰਤਪੁਰੀਏ ਜਵਾਹਰ ਸਿੰਘ ਦੀ ਸਹਾਇਤਾ ਤੋਂ ਵੇਹਲੇ ਹੋ ਕੇ ਸ: ਜਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਵਾਪਸ ਪੰਜਾਬ ਨੂੰ ਮੁੜਦੇ ਹਨ ਤਾਂ ਅਹਿਮਦ ਸ਼ਾਹ ਉਸ ਵੇਲੇ ਕੁੰਜਪੁਰੇ ਹੈ। ਉਸਨੂੰ ਪਤਾ ਹੈ ਕਿ ਸਿੰਘ ਪੰਜਾਬ ਅੱਪੜ ਕੇ, ਉਸ ਲਈ ਵਾਪਸ ਲੰਘਣ ਸਮੇਂ ਕਿਹੋ ਜਿਹੀ ਬਿਪਤਾ ਖੜੀ ਕਰਨਗੇ। ਉਹ ਵੀ ਉਥੋਂ ਬੜੀ ਤੇਜ਼ੀ ਨਾਲ ਪਿਛਾਂਹ ਮੁੜਦਾ ਹੈ ਤੇ ਕੁੰਜਪੁਰੇ ਤੋਂ ਚੌਥੇ ਦਿਨ ਸਰਹੰਦ ਅੱਪੜ ਜਾਂਦਾ ਹੈ। ਅਵੱਸ਼ ਉਸ ਨੂੰ ਏਥੇ ਸੂਹ ਮਿਲਦੀ ਹੈ ਕਿ ਸਿੰਘ ਤਲਵਣ ਤੇ ਫ਼ਲੌਰ ਦੇ ਪੱਤਣ ਰੋਕੀ ਬੈਠੇ ਹਨ ਤਾਕਿ ਅਫ਼ਗਾਨ ਤੇ ਬਲੋਚ ਬੱਚਿਆਂ ਨੂੰ ਏਥੇ ਹੀ ਦਬੋਚ ਲਿਆ, ਜਾਵੇ। ਉਹ ਸਰਹੰਦੋਂ ਰੁਖ਼ ਬਦਲ ਕੇ ਤੀਜੇ ਦਿਨ ਰੋਪੜ ਆ ਜਾਂਦਾ ਹੈ।

www.AKJ.Org

## ਇਕ ਅਚੰਭੇ ਵਾਲੀ ਗੱਲ :--

ਸੂਝਵਾਨ ਪਾਠਕਾਂ ਨੂੰ ਯਾਦ ਹੋਵੇਗਾ ਕਿ ਕਾਜ਼ੀ ਜੀ ਨੇ ਆਪਣੇ ਜੰਗਨਾਮੇ ਦੇ ਸਫੇ ੧੨੮-੧੨੯ ਉਤੇ ੫ ਤੋਂ ੯ ਬੰਦਾਂ ਤਕ ਦਸਿਆ ਹੈ ਕਿ ਰੋਪੜੋਂ ਦਰਿਆ ਲੰਘ ਕੇ ਇਕ ਦਿਨ ਦੇ ਪੜਾਉ ਪਿਛੋਂ ਜਦ ਪਾਤਸ਼ਾਹ ਤੁਰਿਆ ਹੀ ਸੀ ਤਾਂ ਉਸ ਨੂੰ ਖ਼ਬਰ ਮਿਲੀ ਕਿ ਗੁਰੂ ਚੱਕ (ਸ੍ਰੀ ਅੰਮ੍ਰਿਤਸਰ) ਵਿਚ ਬਹੁਤ ਸਾਰੇ ਸਿਖ ਮਰਨ ਮਰਾਨ ਲਈ ਇਕੱਠੇ ਹੋਏ ਹਨ। ਇਹ ਸੁਣ ਕੇ ਗ਼ਾਜ਼ੀਆਂ ਨੂੰ ਚਾਅ ਤੇ ਜੋਸ਼ ਚੜ੍ਹ ਗਿਆ। ਉਹ ਤਾਂ ਏਸੇ ਗਜ਼ਾ (ਲੜਾਈ) ਦੀ ਉਡੀਕ ਵਿਚ ਸਨ। ਤੇਜ਼ੀ ਨਾਲ ਚੱਕ ਪਹੁੰਚ ਕੇ ਕਾਫ਼ਰਾਂ ਦੇ ਸਿਰ ਉਤੇ ਕੜਕ ਪਈਏ ਤੇ ਉਨ੍ਹਾਂ ਦੀ ਜੜ-ਮੇਖ ਪੁਟ ਦਈਏ।

ਕਸ ਆਮਦ ਕਿ ਸਗ ਲਸ਼ਕਰੇ ਬੇਸ਼ੁਮਾਰ। ਬ-ਚੱਕ ਜਮ੍ਹਾ ਸ਼ੁਦ ਅਜ਼ ਪੈ ਕਾਰ ਜ਼ਾਰ।
ਹਮਾਂ ਚੱਕ ਕਿ ਜ਼ੀਂ ਪੇਸ਼ ਕਰਦਮ ਬਿਆਂ। ਕਿ ਆਂ ਚੱਕ ਬੂਦ ਜਾਇ ਪੀਰਿ ਸਗਾਂ।
ਦਿਲਿ ਗਾਜ਼ੀਆਂ ਸ਼ਾਦ ਸ਼ੁਦ ਜ਼ੀਂ ਖ਼ਬਰ। ਕਿ ਬੂਦੰਦ ਬਹਿਰਿ ਗਜ਼ਾ ਮੁਨਤਜ਼ਰ।
ਸ਼ਹਿਨਸ਼ਾਹਿ ਦਰਿਆ ਦਿਲ ਵ ਨਾਮਦਾਰ। ਬ-ਫ਼ਰਮੂਦ ਤਾ ਲਸ਼ਕਰਿ ਬੇਸ਼ੁਮਾਰ।
ਬ-ਤਾਜ਼ਦ ਬ-ਚੱਕ ਬਰ ਸਰਿ ਕਾਫ਼ਰਾਂ। ਜ਼ਿ ਬੁਨ ਬਰ ਕੁਨਦ ਬੇਖ਼ ਆਂ ਮੁਦਬਰਾਂ।

ਪਰ ਅਜੇ ਇਕ ਮੀਲ ਭਰ ਵਾਟ ਹੀ ਅੱਗੇ ਗਏ ਸਨ ਕਿ ਖ਼ਬਰ ਮਿਲੀ ਕਿ ਸਿਖਾਂ ਦੀ ਇਕ ਤਕੜੀ ਸੈਨਾ ਆ ਪਈ ਹੈ। ਸਾਰਾ ਦਿਨ ਲੋਹੇ ਨਾਲ ਲੋਹਾ ਖੜਕਿਆ। ਸਿੰਘਾਂ ਨੇ ਗਾਜ਼ੀਆਂ ਦਾ ਲੜਾਈ ਦਾ ਚਾਅ ਐਸਾ ਪੂਰਾ ਕੀਤਾ ਕਿ ਗੁਰੂ ਚੱਕ ਵਲ ਮੂੰਹ ਕਰਨ ਦਾ ਕਿਸੇ ਨੂੰ ਚੇਤਾ ਹੀ ਨਾ ਰਿਹਾ। ਇਹ ਗ਼ਾਜ਼ੀ ਸੂਰਮੇ ਕੰਧਾਰੋਂ ਕਲਾਤੋਂ ਚੜ੍ਹੇ ਹੀ ਸਿੰਘਾਂ ਵਿਰੁਧ ਜਹਾਦ ਕਰਨ ਸਨ। ਬੜੇ ਦਮਗਜੇ ਮਾਰਦੇ ਸਨ ਕਿ ਇਨ੍ਹਾਂ ਦੀ ਜੜ-ਮੇਖ ਪੁਟ ਕੇ ਇਨ੍ਹਾਂ ਨੂੰ ਸਫਾ-ਏ ਹਸਤੀ ਤੋਂ ਸਦਾ ਲਈ ਮਿਟਾ ਦੇਣਾ ਹੈ। ਅਹਿਮਦ ਸ਼ਾਹ ਨੇ ਤੜ੍ਹ ਮਾਰੀ ਸੀ ਕਿ ਸਿਖਾਂ ਨੂੰ ਐਸੀ ਮਾਰ ਮਾਰਾਂਗਾ ਕਿ ਇਨ੍ਹਾਂ ਦੀਆਂ ਹੱਡੀਆਂ ਦਾ ਰੂੰ ਬਣਾ ਕੇ ਰਖ ਦਿਆਂਗਾ। (੪੦,੪੧,੭੮) ਲਾਹੌਰ ਆ ਕੇ ਫੜ੍ਹਾਂ ਮਾਰਦਾ ਸੀ ਕਿ ਸਿਖ ਤਾਂ ਕਿਧਰੇ ਨਜ਼ਰ ਹੀ ਨਹੀਂ ਆਉਂਦੇ। ਕਿਤੇ ਇਕ ਵਾਰ ਮੇਰੇ ਨਾਲ ਪਰ੍ਹਾ ਬੰਨ੍ਹ ਕੇ ਲੜਨ ਤਾਂ ਪਤਾ ਲੱਗ ਜਾਏ। ਪਰ ਜਦ ਸਿੰਘਾਂ ਨਾਲ ਵਾਹ ਪਿਆ ਤਾਂ ਤੋਬਾ ਤੋਬ ਕਰ ਉਠੇ। ਨੂਰ ਮੁਹੰਮਦ ਅਫ਼ਗਾਨ ਤੇ ਬਲੋਚ ਜਵਾਨਾਂ ਨੂੰ ਨਸੀਹਤਾਂ ਕਰਨ ਲੱਗ ਪਿਆ (ਕਿ ਜੇ ਇਨ੍ਹਾਂ ਦੀ ਫ਼ੌਜ ਵਿਚ ਭਾਂਜ ਵੀ ਪੈ ਜਾਏ ਤਾਂ ਇਸ ਨੂੰ ਭਾਂਜ ਨਾ ਸਮਝਿਓ। ਇਹ ਤਾਂ ਇਨ੍ਹਾਂ ਦੀ ਲੜਾਈ ਦਾ ਇਕ ਦਾਉ ਹੈ। ਇਨ੍ਹਾਂ ਤੋਂ ਬਚੋ! ਡਰੋ! ਦੁਬਾਰਾ ਡਰੋ!! ਸਫ਼ਾ ੧੫੭–ਬੰਦ ੩੦)

ਅਹਿਮਦ ਸ਼ਾਹ ਸ਼ੇਖੀਆਂ ਮਾਰਦਾ ਸੀ ਕਿ ਸਿਖ ਨਜ਼ਰ ਨਹੀਂ ਆਉਂਦੇ। ਕਿਤੇ ਆਮ੍ਹੋ-ਸਾਮ੍ਹਣੇ ਹੋ ਕੇ ਫਸ ਕੇ ਨਹੀਂ ਲੜਦੇ। ਪਰ ਜਦ ਉਸ ਦੀ ਫ਼ੌਜ ਦਾ ਰਾਹ ਰੋਕ ਕੇ ਅੱਗੋਂ, ਸਜਿਓਂ-ਖਬਿਓਂ ਹੱਲੇ ਕਰਨ ਲੱਗ ਪਏ ਤਾਂ ਅਹਿਮਦ ਸ਼ਾਹ ਆਪਣੇ ਲਸ਼ਕਰ ਵਿਚ ਫਿਰ ਫਿਰ ਕੇ ਹਰ ਇਕ ਛੋਟੇ ਵੱਡੇ ਸਰਦਾਰ ਤੇ ਗ਼ਾਜ਼ੀਆਂ ਪਾਸ ਜਾ ਜਾ ਕੇ ਆਪ ਆਪਣੀ ਓਸੇ ਜ਼ਬਾਨ ਨਾਲ ਤਾਕੀਦਾਂ ਕਰਦਾ ਫਿਰਦਾ ਹੈ ਕਿ ਦੇਖਿਓ, ਸਿੰਘਾਂ ਦੇ ਮਗਰ ਹੱਲਾ ਕਰਨ ਨਾ ਜਾਇਓ। ਆਪਣੇ ਮੋਰਚੇ ਨਾ ਛਡਿਓ।ਆਪਣੇ ਆਪਣੇ ਥਾਂ ਉਤੇ ਪੈਂਤੜੇ ਜਮਾਈ ਖੜੇ ਰਹਿਓ। ਹੋਰ ਚੰਗਾ ਥਾਂ ਟੋਲਣ ਲਈ ਅਗੇ ਕਦਮ ਨਹੀਂ ਰਖਣਾ। ਬਲੋਚਾਂ ਦੇ ਸਰਦਾਰ ਮੀਰ ਨਸੀਰ ਖ਼ਾਨ ਨੂੰ ਰੋਜ਼ ਹੀ ਮੁੜ ਮੁੜ ਕੇ ਇਹੋ ਹੀ ਪਕਿਆਈ ਕਰਦਾ ਹੈ, ਕਸਮਾਂ ਦੇ ਕੇ ਵਾਸਤੇ ਪਾਂਉਂਦਾ ਹੈ ਕਿ ਵੇਖੀਂ, ਆਪਣੀ ਥਾਂ ਤੋਂ ਨਾ ਹਿਲੀਂ, ਆਪਣੇ ਪੈਰਾਂ ਉਤੇ ਕਾਫ਼ ਪਹਾੜ ਵਾਂਗ ਅਹਿਲ ਖਲੋਤਾ ਰਹੀਂ। ਜੇ ਸਿੰਘ ਸਾਮ੍ਹਣੇ ਦਿਸ ਵੀ ਪੈਣ ਤਾਂ ਵੀ ਜੋਸ਼ ਵਿਚ ਆ ਕੇ ਆਪਣੀ ਥਾਂ ਛੱਡ ਕੇ ਉਨ੍ਹਾਂ ਉਤੇ ਹੱਲਾ ਨਹੀਂ ਕਰਨਾ ਤੇ ਉਨ੍ਹਾਂ ਦੇ ਮਗਰ ਨਹੀਂ ਪੈਣਾ। ਮੈਂ ਤਾਂ ਇਨ੍ਹਾਂ ਦੀ ਬਹਾਦਰੀ ਤੇ ਦਲੇਰੀ ਨੂੰ ਵੇਖ ਕੇ ਹੈਰਾਨ ਰਹਿ ਗਿਆ ਹਾਂ, ਇਤਿਆਦਿ।



www.AKJ.Org

(ਸਫ਼ਾ ੧੨੯, ੧੩੫-੩੭, ੧੫੭, ੧੬੩)

ਪਾਠਕ ਹੁਣ ਨਿਰਪਖ ਹੋ ਕੇ ਆਪ ਹੀ ਫ਼ੈਸਲਾ ਕਰ ਲੈਣ ਕਿ ਸਮੇਂ ਦੇ ਪਰਸਿਧ ਅਜਿੱਤ ਜਰਨੈਲ, ਪਾਨੀਪਤ ਦੇ ਵਿਜਈ ਤੇ ਅਸਲਾਮ ਧਰਮ ਦੇ ਰਖਿਅਕ ਦੀਆਂ ਤੜ੍ਹਾਂ ਤੇ ਫੜਾਂ (ਕਿ ਸਿਖ ਕਿਤੇ ਦਿਸਦੇ ਹੀ ਨਹੀਂ ਅਤੇ ਇਕ ਵਾਰ ਕਿਤੇ ਸਿਖ ਮੈਦਾਨ ਵਿਚ ਸਫਾਂ ਬੰਨ੍ਹ ਕੇ ਮੇਰੇ ਸਾਮ੍ਹਣੇ ਖੜੋਣ ਸਹੀ) ਕਾਇਰਤਾ ਭਰੀ ਹੜਬੜਾਹਟ ਤੋਂ ਵਧ ਹੋਰ ਕੀ ਅਰਥ ਰਖਦੀਆਂ ਹਨ ? ਸਿੰਘਾਂ ਨੇ ਇਨ੍ਹਾਂ ਸੱਤਾਂ ਦਿਨਾਂ ਵਿਚ ਰਾਹ ਰੋਕ ਰੋਕ ਕੇ ਤੇ ਮਾਰ ਮਾਰ ਕੇ ਦੁਰਾਨੀਆਂ ਤੋਂ ਤੋਬਾ ਤੋਬ ਬੁਲਾ ਦਿਤੀ। ਸਿੰਘਾਂ ਦੀ ਇਸ ਮਾਰ ਦਾ ਅਹਿਮਦ ਸ਼ਾਹ ਦੇ ਦਿਲ ਵਿਚ ਐਸਾ ਡਰ ਬੈਠ ਗਿਆ ਕਿ ਬਿਆਸ ਟੱਪ ਕੇ ਉਨ੍ਹੇ ਸ੍ਰੀ ਅੰਮ੍ਰਿਤਸਰ ਨੂੰ ਤਾਂ ਕੀ ਆਉਣਾ ਸੀ ਸਗੋਂ ਲਾਹੌਰ ਜਾ ਕ ਕੁਝ ਦਿਨ ਆਰਾਮ ਕਰਨ ਦਾ ਵੀ ਉਸ ਨੇ ਹੌਸਲਾ ਨਹੀਂ ਕੀਤਾ। ਲਾਹੌਰ ਉਸ ਦੇ ਸੂਬੇ ਦੀ ਰਾਜਧਾਨੀ ਹੈ ਤੇ ਲਾਹੌਰ ਦਾ ਗਵਰਨਰ ਕਾਬਲੀ ਮੱਲ ਸ਼ਾਹ ਦੇ ਨਾਲ ਹੈ। ਕਿਉਂ? ਕਾਬਲੀ ਮਲ ਖਚਰਾ ਹੈ ਤੇ ਸਭ ਜਾਣਦਾ ਹੈ ਕਿ ਵਿਸਾਖੀ ਉਤੇ ਗੁਰੂ ਚੱਕ ਜੋ ਤੂਫ਼ਾਨ ਇਕੱਠਾ ਹੋ ਰਿਹਾ ਹੈ, ਇਹ ਕਿਸ ਦੇ ਸਿਰ ਉਤੇ ਟੁਟਣਾ ਹੈ। ਉਹ ਜਾਣਦਾ ਹੈ ਕਿ ਲਾਹੌਰ ਚਲੇ ਤਾਂ ਆਸਾਨੀ ਨਾਲ ਜਾਵਾਂਗੇ, ਪਰ ਫਿਰ ਕਾਬਲ ਨਿਕਲਣ ਦਾ ਰਾਹ ਕਿਹੜਾ ਹੋਵੇਗਾ ?

ਬਿਆਸੋਂ ਲੰਘ ਕੇ ਵਡੀਆਂ ਵਡੀਆਂ ਮੰਜ਼ਲਾਂ ਮਾਰ ਕੇ ਸਿੰਘਾਂ ਦੇ ਇਲਾਕੇ ਨੂੰ ਖਬੇ ਹੱਥ ਛਡਦਾ ਹੋਇਆ ਰਾਵੀ ਕੰਢੇ ਜਾ ਅੱਪੜਦਾ ਹੈ, ਤੇ ਏਥੇ ਪੜਾਉ ਨਹੀਂ ਕਰਦਾ, ਸਗੋਂ ਚੜ੍ਹੀ ਸਵਾਰੀ ਦਰਿਆ ਲੰਘ ਕੇ ਸਿਆਲ-ਕੋਟ ਵਲ ਨੂੰ ਹੋ ਗਿਆ ਜਾਪਦਾ ਹੈ। ਏਥੋਂ ਅੱਗੇ ਰਣਜੀਤ ਦੇਵ ਜਮੂੰ ਵਾਲੇ ਦੇ ਇਲਾਕੇ ਵਿਚ ਦੀ ਪਹਾੜ ਦੀ ਕੰਢੀ ਕੰਢੀ ਹੁੰਦਾ ਹੋਇਆ ਵਾਹੋ ਦਾਹੀ ਅੱਧ ਮਾਰਚ ੧੭੬੫ ਈਸਵੀ ਨੂੰ ਚਨਾਬ ਦੇ ਕੰਢੇ ਜਾ ਪੁਜਦਾ ਹੈ।

## ਮਹਾਰਾਜਾ ਆਲਾ ਸਿੰਘ ਨੂੰ ਵਾਪਸ ਕਰਨਾ :--

ਸਰਹਿੰਦੋਂ ਤੁਰਨ ਲਗਿਆਂ ਅਹਿਮਦ ਸ਼ਾਹ ਆਪਣੇ ਨਾਲ ਮਹਾਰਾਜਾ ਆਲਾ ਸਿੰਘ ਨੂੰ ਨਾਲ ਲੈ ਆਇਆ ਸੀ। ਸ਼ਾਇਦ ਉਸ ਦਾ ਇਹ ਖਿਆਲ ਹੋਵੇ ਕਿ ਜੇ ਖਾਲਸਾ ਜੀ ਨਾਲ ਕੋਈ ਬਹੁਤੀ ਖ਼ਤਰਨਾਕ ਅੜ ਫਸ ਹੋ ਗਈ ਤਾਂ ਮਹਾਰਾਜਾ ਆਲਾ ਸਿੰਘ ਜੀ ਇਸ ਵਿਚ ਪੈ ਕੇ ਕੋਈ ਸਹਾਇਤਾ ਕਰ ਸਕਣ । ਬਿਆਸ-ਕੰਢੇ ਸਿੰਘਾਂ ਨਾਲ ਆਖ਼ਰੀ ਜੰਗ ਪਿਛੋਂ ਖਾਲਸਾ ਜੀ ਵਿਸਾਖੀ ਦੇ ਪੁਰਬ ਕਾਰਨ ਅਹਿਮਦ ਸ਼ਾਹ ਦਾ ਖਹਿੜਾ ਛੱਡ ਕੇ ਜਦ ਸ੍ਰੀ ਅੰਮ੍ਰਿਤਸਰ ਨੂੰ ਚਾਲੇ ਪਾ ਗਏ ਤਾਂ ਅਹਿਮਦਸ਼ਾਹ ਨੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਤੇ ਸੁਖ ਦਾ ਸਾਹ ਲਿਆ। ਰਾਵੀ-ਕੰਢੇ ਅਪੜ ਕੇ ਮਹਾਰਾਜਾ ਆਲਾ ਸਿੰਘ ਨੂੰ ਵਾਪਸ ਪਟਿਆਲੇ ਨੂੰ ਮੋੜ ਦਿਤਾ।

ਬਿਆਸੋਂ ਲੰਘਣ ਪਿਛੋਂ ਚਨਾਬ ਪੁਜਣ ਤਕ ਅਹਿਮਦ ਸ਼ਾਹ ਨਸਿਆ ਹੀ ਜਾਂਦਾ ਹੈ ਤੇ ਵੱਡੀਆਂ ਵੱਡੀਆਂ ਮੰਜ਼ਲਾਂ ਕਰਦਾ ਜਾ ਰਿਹਾ ਹੈ। ਚਨਾਬ ਟੱਪ ਕੇ (ਉਹ ਵੀ ਬਹੁਤ ਸਾਰਾ ਜਾਨ ਤੇ ਮਾਲ ਗ਼ਰਕ ਕਰਾ ਕੇ) ਉਹ ਚਾਲ ਤੇ ਮੰਜ਼ਲਾਂ ਹੌਲੀਆਂ ਕਰਨ ਲੱਗ ਪੈਂਦਾ ਹੈ।...(ਇਹ ਨੋਟ ਚਲਦਾ ਹੈ)–ਸਵਰਨ ਸਿੰਘ]

---

# ਜਲੰਧਰ ਵਿਖੇ ਰੈਣ ਸਬਾਈ ਕੀਰਤਨ

੧੩ ਜੂਨ ਸ਼ਨੀਵਾਰ ਦੀ ਰਾਤ ਐਸ. ਕੇ. ਐਸ. ਮਸ਼ੀਨ ਟੂਲਜ਼, ਗਲੋਬ ਕਲੋਨੀ ਇੰਡਸਟ੍ਰੀਅਲ ਏਰੀਆ ਸੋਡਲ ਰੋਡ ਜਲੰਧਰ ਵਿਚ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਜੀ ,ਤੇ ਲਾਹੇ ਪ੍ਰਾਪਤ ਕਰੋ। ਨਵੇਂ ਬਸ-ਅੱਡੇ ਤੋਂ ਸ਼ਾਮ ਸਤ ਵਜੇ ਗਲੋਬ ਕਾਲੋਨੀ ਲਈ ਟ੍ਰਾਲੀ ਚਲੇਗੀ। ਪ੍ਰਾਰਥਕ ਦਾਸਰੇ–ਅਖੰਡ ਕੀਰਤਨ ਜਥਾ ਜਲੰਧਰ

---

**ਪੂਰਨ ਜੀ ਦਾ ਪੱਕਾ ਐਡਰੈਸ**–ਭਾਈ ਸਾਹਿਬ ਸੂਰਤ ਸਿੰਘ 'ਪੂਰਨ ਜੀ' ਅਤੇ ਬੀਬੀ ਭੁਪਿੰਦਰ ਕੌਰ ਜੀ ਗੁਰੂ ਕੇ ਕੀਰਤਨੀਆਂ ਦਾ ਐਡਰੈਸ ਹੁਣ ਇਹ ਹੈ–੨੦੧੪, ਸੈਕਟਰ ੯, ਫ਼ਰੀਦਾਬਾਦ (ਹਰਿਆਣਾ)



www.AKJ.Org

# ਸਲੋਕ ਸਹਸਕ੍ਰਿਤੀ (੪)

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

**ਗਿਰੰਤ ਗਿਰਿ ਪਤਿਤ ਪਾਤਾਲੰ**
**ਜਲੰਤ ਦੇਦੀਪ੍ਯ ਬੈਸ੍ਵਾਂਤਰਹ ॥**
**ਬਹੰਤਿ ਅਗਾਹ ਤੋਯੰ ਤਰੰਗੰ**
**ਦੁਖੰਤ ਗ੍ਰਹ ਚਿੰਤਾ ਜਨਮੰਤ ਮਰਣਹ ॥**
**ਅਨਿਕ ਸਾਧਨੰ ਨ ਸਿਧ੍ਯਤੇ ਨਾਨਕ ॥**
**ਅਸਥੰਭੰ ਅਸਥੰਭੰ ਅਸਥੰਭੰ**
**ਸਬਦ ਸਾਧ ਸ੍ਵਜਨਹ ॥੧੭॥**

**ਪਦ ਅਰਥ** :–ਗਿਰੰਤ–ਡਿਗ ਕੇ। ਗਿਰਿ=ਗਿਰੀ, ਪਹਾੜ । ਪਤਿਤ–ਡਿਗ ਪੈਣਾ । ਜਲੰਤ–ਸੜਨਾ । ਦੇਦੀਪ੍ਯ–ਭੜਕਦੀ, ਮਚਦੀ । ਬੈਸ੍ਵਾਂਤਰਹ–ਅਗਨੀ ਵਿਚ । ਬਹੰਤਿ ਅਗਾਹ–ਵਹਿ ਰਹੀ ਡੂੰਘੀ ਨਦੀ। ਤੋਯੰ ਤਰੰਗੰ=ਪਾਣੀ ਦੀਆਂ ਲਹਿਰਾਂ। ਦੁਖੰਤ–ਦੁਖ। ਗ੍ਰਹ ਚਿੰਤਾ–ਘਰ ਦੇ ਚਿੰਤਾ ਫ਼ਿਕਰ। ਜਨਮੰਤ–ਜਨਮਾਂ ਦੇ। ਮਰਣਹ–ਮਰਨ ਦੇ। ਅਨਿਕ ਸਾਧਨੰ–ਕਈ ਤਰ੍ਹਾਂ ਦੇ ਸਾਧਨ। ਨ ਸਿਧ੍ਯਤੇ–ਨਹੀਂ ਰਾਸ ਆਉਂਦੇ। ਅਸਥੰਭੰ–ਸਹਾਰਾ। ਸਬਦ–ਉਪਦੇਸ਼। ਸਾਧ ਸ੍ਵਜਨਹ—ਸ੍ਰੇਸ਼ਟ ਸਾਧੂ ਸਜਨਾਂ ਦੇ।੧੭।

**ਅਰਥ** :–ਪਹਾੜਾਂ ਤੋਂ ਡਿਗ ਕੇ ਪਤਾਲ ਵਿਚ ਜਾ ਪੈਣਾ, ਮਚਦੀ ਅੱਗ ਵਿਚ ਸੜਨਾ, ਡੂੰਘੇ ਸਮੁੰਦਰ ਦੇ ਜਲ ਦੀਆਂ ਲਹਿਰਾਂ ਵਿਚ ਰੁੜ੍ਹ ਜਾਣਾ, ਘਰੋਗੀ ਚਿੰਤਾਵਾਂ, ਮੁੜ ਮੁੜ ਜੰਮਣਾ ਮਰਨਾ, ਇਤਿ ਆਦਿਕ ਕਈ ਪ੍ਰਕਾਰ ਦਾ ਦੁਖ ਜੀਵ ਨੂੰ ਵਾਪਰਦਾ ਹੈ।

'ਨਾਨਕ'! (ਕਈ ਤਰ੍ਹਾਂ ਦੇ ਦੁਖ ਤੋਂ ਛੁਟਕਾਰੇ ਲਈ) ਅਨੇਕ ਪ੍ਰਕਾਰ ਦੇ ਸਾਧਨ ਕੀਤਿਆਂ ਵੀ ਸਫਲਤਾ ਨਹੀਂ ਹੁੰਦੀ। ਦੁਖਾਂ ਤੋਂ ਬਚਾਅ ਲਈ ਸਤਿਗੁਰੂ ਸਤ-ਪੁਰਖ ਦਾ ਸ਼ਬਦ ਹੀ ਮਨ ਬਾਣੀ ਸਰੀਰ ਕਰਕੇ ਜੀਵ ਦਾ ਅਸਲ ਆਸਰਾ ਹੈ।੧੭।

**ਸਾਰੰਸ਼** :—ਅਨੇਕ ਤਰ੍ਹਾਂ ਦੇ ਜਤਨ ਤੇ ਸਾਧਨ ਕਰਨ ਨਾਲ ਦੁਖਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਗੁਰੂ ਕਾ ਸ਼ਬਦ ਹੀ ਜੀਵ ਦਾ ਅਸਲ ਸਹਾਰਾ ਹੈ। ਗੁਰਵਾਕ–

ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ਰਹਾਉ॥

[ਧਨਾਸਰੀ ਮ: ੫, ਪੰਨਾ ੬੭੯

**ਘੋਰ ਦੁਖ੍ਯੰ ਅਨਿਕ ਹਤ੍ਯੰ**
**ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ ॥**
**ਮਿਟੰਤ ਸਗਲ ਸਿਮਰੰਤ ਹਰਿਨਾਮ ਨਾਨਕ ॥**
**ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥**

**ਪਦ ਅਰਥ** :–ਘੋਰ–ਬਹੁਤ ਭਾਰੀ, ਭਿਆਨਕ । ਦੁਖ੍ਯੰ–ਦੁਖ, ਬਿਪਤਾ । ਅਨਿਕ ਹਤ੍ਯੰ–ਅਨੇਕ ਕਿਸਮ ਦੀ ਹਤਿਆ। ਜਨਮ–ਕਈ ਜਨਮਾਂ ਦੀ। ਦਾਰਿਦ੍ਰੰ–ਗਰੀਬੀ। ਮਹਾ ਬਿਖ੍ਯਾਦੰ–ਭਾਰੀ ਪੁਆੜੇ। ਮਿਟੰਤ–ਮਿਟ ਜਾਂਦੇ ਹਨ। ਪਾਵਕ–ਅਗਨੀ। ਕਾਸਟ–ਲਕੜੀ। ਭਸਮੰ–ਸੁਆਹ। ਕਰੋਤਿ–ਕਰ ਦਿੰਦੀ ਹੈ।੧੮।

**ਅਰਥ**:—ਭਿਆਨਕ ਦੁਖ, ਕਈ ਤਰ੍ਹਾਂ ਦੀ ਹਤਿਆ, ਜਨਮ-ਜਨਮਾਂਤਰਾਂ ਦੀ ਗਰੀਬੀ, ਭਾਰੀ



www.AKJ.Org

ਪੁਆੜੇ–'ਨਾਨਕ' ! ਇਹ ਸਾਰੇ (ਕਲੇਸ਼) ਹਰੀ ਨਾਮ ਦਾ ਸਿਮਰਨ ਕਰਦਿਆਂ ਇਉਂ ਮਿਟ ਜਾਂਦੇ ਹਨ ਜਿਵੇਂ ਅਗਨੀ (ਮਣਾਂ-ਮੂੰਹੀਂ) ਲਕੜਾਂ ਨੂੰ ਸੁਆਹ ਕਰ ਦਿੰਦੀ ਹੈ ।੧੮।

**ਸਾਰੰਸ਼** :–ਹਰਿ-ਨਾਮ-ਸਿਮਰਨ ਜਨਮ-ਜਨਮਾਂਤਰਾਂ ਦੇ ਦੁਖਾਂ ਕਲੇਸ਼ਾਂ ਦਾ ਨਾਸ ਕਰਨ ਨੂੰ ਸਮਰੱਥ ਹੈ । ਗੁਰਵਾਕ–

ਈਧਣੁ ਕੀਤੋ ਮੂ ਘਣਾ ਭੋਰੀ ਦਿਤੀਮੁ ਭਾਹਿ ॥
ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ॥੨॥ (੫)

[ਜੈਤਸਰੀ ਕੀ ਵਾਰ, ਪੰਨਾ ੭੦੬

**ਅੰਧਕਾਰ ਸਿਮਰਤ ਪ੍ਰਕਾਸੰ**
**ਗੁਣ ਰਮੰਤ ਅਘ ਖੰਡਨਹ ॥**
**ਰਿਦ ਬਸੰਤਿ ਭੈਭੀਤ ਦੂਤਹ**
**ਕਰਮ ਕਰਤ ਮਹਾ ਨਿਰਮਲਹ ॥**
**ਜਨਮ ਮਰਣ ਰਹੰਤ ਸ੍ਰੋਤਾ**
**ਸੁਖ ਸਮੂਹ ਅਮੋਘ ਦਰਸਨਹ ॥**
**ਸਰਣਿ ਜੋਗੰ ਸੰਤ ਪ੍ਰਿਅ ਨਾਨਕ**
**ਸੋ ਭਗਵਾਨ ਖੇਮੰ ਕਰੋਤਿ ॥੧੯॥**

**ਪਦ ਅਰਥ** :–ਅੰਧਕਾਰ–ਹਨੇਰੇ ਹਿਰਦੇ । ਸਿਮਰਤ–ਸਿਮਰਨ ਨਾਲ, ਸਿਮਰਦਿਆਂ । ਪ੍ਰਕਾਸੰ–ਪ੍ਰਕਾਸ਼, ਚਾਨਣਾ । ਰਮੰਤ–ਰਮਣ ਨਾਲ, ਜਸ ਕਰਨ ਨਾਲ । ਅਘ–ਪਾਪ । ਖੰਡਨਹ–ਨਾਸ ਹੁੰਦੇ ਹਨ। ਬਸੰਤਿ–ਵਸਣ ਨਾਲ, ਵਸਿਆਂ । ਦੂਤਹ–ਕਾਮ ਕ੍ਰੋਧ ਆਦਿਕ ਦੂਤ । ਕਰਮ ਕਰਤ–ਅਧਿਆਤਮਕ ਕਰਮ ਕਰਦਿਆਂ । ਰਹੰਤ–ਰਹਿ ਜਾਂਦੇ ਹਨ, ਮੁਕ ਜਾਂਦੇ ਹਨ । ਸਰੋਤਾ–ਨਾਮ ਸ੍ਰਵਣ ਵਾਲਾ । ਅਮੋਘ ਦਰਸਨਹ–ਸਫਲ ਦਰਸ਼ਨ ਨਾਲ । ਸਰਣਿ ਜੋਗੰ–ਸਰਣ ਜੋਗ ਪ੍ਰਭੂ । ਸੰਤ ਪ੍ਰਿਅ–ਸੰਤਾਂ ਦਾ ਪਿਆਰਾ । ਖੇਮੰ–ਖੁਸ਼ੀ । ਕਰੋਤਿ–ਕਰਦਾ ਹੈ ।੧੯।

**ਅਰਥ** :–ਪ੍ਰਭੂ ਦਾ ਨਾਮ ਸਿਮਰਦਿਆਂ ਹਨੇਰੇ ਹਿਰਦੇ ਜਗਮਗਾ ਉਠਦੇ ਹਨ, ਪ੍ਰਭੂ ਦੇ ਗੁਣ ਗਾਂਦਿਆਂ ਪਾਪ ਨਾਸ ਹੋ ਜਾਂਦੇ ਹਨ । (ਪ੍ਰਭੂ ਦਾ ਨਾਮ) ਹਿਰਦੇ ਵਿਚ ਵਸਣ ਨਾਲ ਕਾਮ ਕ੍ਰੋਧ ਆਦਿ ਦੂਤ ਭੈਭੀਤ ਹੋ ਜਾਂਦੇ ਹਨ ਅਤੇ (ਨਾਮ-ਸਿਮਰਨ-ਮੇਈ) ਅਧਿਆਤਮਕ ਕਰਮ ਕਰਨ ਨਾਲ ਮਹਾਂ ਪਵਿਤਰ ਹੋ ਜਾਈਦਾ ਹੈ । ਨਾਮ ਸ੍ਰਵਣ ਕਰਨ ਵਾਲੇ ਦੇ ਜਨਮ ਮਰਨ (ਦੇ ਗੇੜ) ਮੁਕ ਜਾਂਦੇ ਹਨ । (ਨਾਮ ਸ੍ਰਵਣ ਕਰਨ, ਮੰਨਣ ਅਤੇ ਨਿਧਿਆਸਣ ਕਰਨ ਵਾਲਿਆਂ ਦੇ) ਸਫਲ ਦਰਸ਼ਨ ਪਰਸਿਆਂ ਹਰ ਪ੍ਰਕਾਰ ਦੇ ਸੁਖ ਪ੍ਰਾਪਤ ਹੋ ਜਾਂਦੇ ਹਨ ।

'ਨਾਨਕ' ! ਉਹ ਸ਼ਰਨ ਪਾਲਣ ਵਾਲਾ ਸੰਤਾਂ ਦਾ ਪਿਆਰਾ ਭਗਵਾਨ (ਆਪਣੇ ਸੰਤਾਂ ਦੀ) ਸਦਾ ਕਲਿਆਣ ਕਰਦਾ ਹੈ ।੧੯।

**ਸਾਰੰਸ਼** :–ਵਾਹਿਗੁਰੂ ਦੇ ਨਾਮ ਸਿਮਰਨ ਦੀਆਂ ਬੇਅੰਤ ਬਰਕਤਾਂ ਹਨ । ਨਾਮ-ਸਿਮਰਨ ਦੁਆਰਾ ਨਾਮੀ ਨਾਲ ਅਭੇਦ ਹੋਏ ਗੁਰਮੁਖਾਂ ਦੇ ਦਰਸ਼ਨ ਸਫਲ ਹਨ ਤੇ ਸਰਬ ਸੁਖਦਾਇਕ ਹਨ ।

**ਪਾਛੰ ਕਰੋਤਿ ਅਗ੍ਰਣੀਵਹ**
**ਨਿਰਾਸੰ ਆਸ ਪੂਰਨਹ ॥**
**ਨਿਰਧਨ ਭਯੰ ਧਨਵੰਤਹ**
**ਰੋਗੀਅੰ ਰੋਗ ਖੰਡਨਹ ॥**



www.AKJ.Org

ਭਗਤੰ ਭਗਤਿ ਦਾਨੰ
ਰਾਮ ਨਾਮ ਗੁਣ ਕੀਰਤਨਹ ॥
ਪਾਰਬ੍ਰਹਮ ਪੁਰਖ ਦਾਤਾਰਹ ॥
ਨਾਨਕ ਗੁਰ ਸੇਵਾ ਕਿੰਨ ਲਭ੍ਯਤੇ ॥੨੦॥

**ਪਦ ਅਰਥ**:–ਪਾਛੰ–ਪਿਛੇ ਰਹੇ ਹੋਇਆਂ ਨੂੰ। ਕਰੋਤਿ–ਕਰਦਾ ਹੈ। ਅਗ੍ਰਣੀਵਹ–ਮੂਹਰੇ। ਨਿਰਾਸੰ–ਨਿਰਾਸਰਿਆਂ ਦੀ। ਪੂਰਨਹ–ਪੂਰੀਆਂ ਕਰਨਹਾਰ। ਰੋਗੀਅੰ ਰੋਗ–ਰੋਗੀਆਂ ਦੇ ਰੋਗ। ਖੰਡਨਹ–ਖੰਡਨਹਾਰ, ਨਾਸ ਕਰਨ ਵਾਲੇ। ਭਗਤੰ–ਭਗਤਾਂ ਨੂੰ। ਰਾਮ ਨਾਮ ਗੁਣ ਕੀਰਤਨਹ–ਰਾਮ ਨਾਮ ਦੇ ਗੁਣਾਂ ਦਾ ਕੀਰਤਨ। ਕਿੰ ਨ ਲਭ੍ਯਤੇ–ਕਿਉਂ ਨਹੀਂ ਲਭਦਾ।੨੦।

**ਅਰਥ** :–(ਸਰਬ ਕਲਾ ਸਮਰੱਥ ਪ੍ਰਭੂ) ਪਛੜਿਆਂ ਹੋਇਆਂ ਨੂੰ ਮੂਹਰੇ ਕਰ ਦਿੰਦਾ ਹੈ ਅਤੇ ਨਿਰਾਸੇ ਹੋ ਚੁਕਿਆਂ ਦੀਆਂ ਆਸਾਂ ਪੂਰਨਹਾਰ ਹੈ। ਕੰਗਾਲ ਲੋਕੀ (ਪ੍ਰਭੂ ਦੀ ਬਖਸ਼ਸ਼ ਸਦਕਾ) ਧਨਵਾਨ ਹੋ ਜਾਂਦੇ ਹਨ। ਪ੍ਰਭੂ ਰੋਗੀਆਂ ਦੇ ਰੋਗ ਖੰਡਨਹਾਰ ਹੈ। ਉਹ ਆਪਣੇ ਭਗਤਾਂ ਨੂੰ ਭਗਤੀ ਦਾ ਦਾਨ ਦੇਂਦਾ ਹੈ, ਰਾਮ ਨਾਮ ਦਾ ਗੁਣਾਨਵਾਦ ਅਤੇ ਸਿਫ਼ਤ-ਸਲਾਹ ਦੀ ਦਾਤਿ ਬਖਸ਼ਦਾ ਹੈ।

'ਨਾਨਕ' ! (ਐਸੇ ਸਰਬ ਸ਼ਕਤੀਮਾਨ) ਪਾਰਬ੍ਰਹਮ ਦਾਤਾਰ ਪੁਰਖ ਨੂੰ ਗੁਰੂ ਦੀ ਸੇਵਾ ਦੁਆਰਾ ਤੂੰ ਕਿਉਂ ਨਹੀਂ ਲਭਦਾ ?।੨੦।

**ਸਾਰੰਸ਼** :–ਜੀਵਾਂ ਦੀ ਹਰ ਤਰ੍ਹਾਂ ਨਾਲ ਸਹਾਇਤਾ ਤੇ ਰੱਖਿਆ ਕਰਨਹਾਰ ਦਾਤਾਰ ਪਾਰਬ੍ਰਹਮ ਨੂੰ ਗੁਰੂ ਦੀ ਸੇਵਾ ਦੁਆਰਾ ਲਭਣਾ ਚਾਹੀਏ।੨੦।

ਅਧਰੰ ਧਰੰ ਧਾਰਣਹ
ਨਿਰਧਨੰ ਧਨ ਨਾਮ ਨਰਹਰਹ ॥
ਅਨਾਥ ਨਾਥ ਗੋਬਿੰਦਹ
ਬਲਹੀਣ ਬਲ ਕੇਸਵਹ ॥
ਸਰਬ ਭੂਤ ਦਯਾਲ ਅਚੁਤ
ਦੀਨ ਬਾਂਧਵ ਦਾਮੋਦਰਹ ॥
ਸਰਬਗ੍ਯ ਪੂਰਨ ਪੁਰਖ ਭਗਵਾਨਹ
ਭਗਤਿ ਵਛਲ ਕਰੁਣਾ ਮਯਹ ॥
ਘਟਿ ਘਟਿ ਬਸੰਤ ਬਾਸੁਦੇਵਹ
ਪਾਰਬ੍ਰਹਮ ਪਰਮੇਸੁਰਹ ॥
ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ
ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥

**ਪਦ ਅਰਥ** :–ਅਧਰੰ–ਆਸਰੇ-ਰਹਿਤ, ਨਿਆਸਰੇ। ਧਰੰ–ਆਸਰਾ। ਧਾਰਣਹ–ਧਾਰਨਹਾਰ, ਦੇਣਹਾਰ। ਨਰਹਰਹ–ਵਾਹਿਗੁਰੂ। ਕੇਸਵਹ–ਕੇਸਾਂ ਵਾਲਾ ਪ੍ਰਭੂ। ਸਰਬ ਭੂਤ–ਸਾਰੇ ਜੀਵਾਂ ਪ੍ਰਤੀ। ਦਯਾਲ–ਦਿਆਲੂ। ਅਚੁਤ–ਅਬਿਨਾਸ਼ੀ। ਦੀਨ ਬਾਂਧਵ–ਦੀਨਾਂ ਦੁਖੀਆਂ ਦੇ ਬੰਧੂ, ਸਜਣ। ਦਾਮੋਦਰਹ–ਉਦਰ ਦੁਆਲੇ ਤੜਾਗੀ ਲਪੇਟੀ ਹੋਈ ਵਾਲਾ, ਵਾਹਿਗੁਰੂ। ਸਰਬਗ੍ਯ–ਸਭ ਕੁਝ ਜਾਣਨਹਾਰ। ਪੂਰਨ–ਪਰੀਪੂਰਨ ਪ੍ਰਭੂ। ਭਗਵਾਨਹ–ਮਾਲਕ ਪ੍ਰਭੂ। ਭਗਤਿ ਵਛਲ–ਭਗਤੀ ਕਰਨ ਵਾਲੇ ਭਗਤਾਂ ਨੂੰ ਪਿਆਰ ਕਰਨ ਵਾਲਾ ਪ੍ਰਭੂ। ਕਰੁਣਾ ਮਯਹ–ਤਰਸ ਸਰੂਪ। ਬਸੰਤ–ਵਸਦਾ ਹੈ। ਬਾਸੁਦੇਵਹ–ਜਿਸ ਵਿਚ ਸਭ ਦਾ ਨਿਵਾਸ ਹੈ



www.AKJ.Org

ਅਤੇ ਜੋ ਸਭ ਵਿਚ ਨਿਵਾਸ ਕਰਦਾ ਹੈ, ਵਾਹਿਗੁਰੂ । ਜਾਚੰਤਿ–ਮੰਗਦਾ ਹੈ । ਪ੍ਰਸਾਦ–ਕਿਰਪਾ, ਬਖਸ਼ਸ਼ । ਨਹ ਬਿਸਰੰਤਿ- ਨਾ ਵਿਸਰੇ । ਨਾਰਾਇਣਹ--ਨਾਰਾਇਣ ਪ੍ਰਭੂ ।੨੧।

**ਅਰਥ** :--ਪ੍ਰਭੂ ਨਿਆਸਰਿਆਂ ਨੂੰ ਆਸਰਾ ਦੇਣਹਾਰ ਹੈ । ਨਰਹਰ ਪ੍ਰਭੂ ਦਾ ਨਾਮ ਧਨ-ਹੀਣ ਮਨੁੱਖਾਂ ਲਈ ਧਨ ਹੈ । ਗੋਬਿੰਦ ਪ੍ਰਭੂ ਅਨਾਥਾਂ ਦਾ ਨਾਥ ਹੈ । ਕੇਸਵ ਪ੍ਰਭੂ ਬਲ-ਹੀਣਾਂ ਨੂੰ ਬਲ ਪ੍ਰਦਾਨ ਕਰਨਹਾਰ ਹੈ । ਅਬਿਨਾਸ਼ੀ ਪ੍ਰਭੂ ਸਰਬੱਤ ਜੀਵਾਂ ਉਤੇ ਦਇਆ ਕਰਨ ਵਾਲਾ ਹੈ । ਦਾਮੋਦਰ ਪ੍ਰਭੂ ਦੀਨ-ਦੁਖੀਆਂ ਦਾ ਬੰਧੂ (ਮਿੱਤਰ) ਹੈ । ਪੂਰਨ ਪੁਰਖ ਭਗਵਾਨ ਸਭ ਕੁਝ ਜਾਣਨਹਾਰ ਹੈ। ਦਇਆ-ਸਰੂਪ ਪ੍ਰਭੂ ਭਗਤੀ ਕਰਨਹਾਰਿਆਂ (ਭਗਤਾਂ) ਨੂੰ ਪਿਆਰ ਕਰਨ ਵਾਲਾ ਹੈ । ਬਾਸਦੇਵ ਪ੍ਰਭੂ ਹਰੇਕ ਹਿਰਦੇ ਵਿਚ ਵਸ ਰਿਹਾ ਹੈ । ਪਾਰਬ੍ਰਹਮ ਸਭ ਦਾ ਮਾਲਕ ਹੈ ।

ਕਿਰਪਾਲੂ ਪ੍ਰਭੂ ਤੋਂ ਮੈਂ ਨਾਨਕ ਇਹੋ ਬਖਸ਼ਸ਼ ਮੰਗਦਾ ਹਾਂ ਕਿ ਮੈਨੂੰ ਅਜਿਹਾ ਸਰਬ-ਕਲਾ ਸਮਰੱਥ ਨਾਰਾਇਣ ਪ੍ਰਭੂ ਕਦੇ ਨਾ ਵਿਸਰੇ, ਕਦੇ ਨਾ ਵਿਸਰੇ ।੨੧।

**ਸਾਰੰਸ਼** :–ਸਰਬੱਗ ਅਤੇ ਸਰਬ-ਕਲਾ ਸਮਰੱਥ ਵਾਹਿਗੁਰੂ ਕਿਰਪਾਲੂ ਹੈ, ਜੀਵਾਂ ਦੀ ਹਰ ਪ੍ਰਕਾਰ ਦੀ ਰੱਖਿਆ ਕਰਦਾ ਹੈ, ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ । ਇਹੋ ਮੰਗ ਮੰਗਣ ਜੋਗ ਹੈ ਕਿ ਅਜਿਹਾ ਪ੍ਰਭੂ ਮਨ ਤੋਂ ਕਦੇ ਵਿਸਰ ਨਾ ਜਾਏ ।੨੧।

---

## ਤਪੋਬਨ–ਕੁਮਾਰ ਹੱਟੀ ਵਿਖੇ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਸਾਹਿਬ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ ਤੋਂ ਇਤਲਾਹ ਦਿੰਦੇ ਹਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਗਰਮੀਆਂ ਦੇ ਨਿਵਾਸ-ਅਸਥਾਨ ਤਪੋ-ਬਨ ਕੁਮਾਰਹੱਟੀ (ਸ਼ਿਮਲਾ ਹਿਲਜ਼) ਵਿਖੇ ੧੨-੧੩-੧੪ ਜੂਨ ਨੂੰ ਸ੍ਰੀ ਅਖੰਡ ਪਾਠ ਹੋਣੇ ਹਨ ਅਤੇ ਅਖੰਡ ਕੀਰਤਨ ਦੇ ਅਖਾੜੇ ਸਜਣੇ ਹਨ । ਆਇ ਦੀਦਾਰ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ ਜੀ ।

## ਅੰਬਾਲਾ ਸ਼ਹਿਰ ਵਿਖੇ ਅਖੰਡ ਕੀਰਤਨ

ਦਾਸ ਦੇ ਗ੍ਰਹਿ ਵਿਖੇ ੧੪ ਜੂਨ ਐਤਵਾਰ ਨੂੰ ਅੰਮ੍ਰਿਤ ਵੇਲੇ ਤੋਂ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ । ਸੰਗਤਾਂ ਦਰਸ਼ਨ ਬਖਸ਼ ਕੇ ਧੰਨਵਾਦੀ ਬਣਾਉਣ ।

ਦਾਸਰਾ–ਅਵਤਾਰ ਸਿੰਘ, ੨੮੩–ਪਰੇਮ ਨਗਰ, ਅੰਬਾਲਾ ਸ਼ਹਿਰ

## ਪਟਿਆਲੇ ਵਿਖੇ ਗੁਰਮੁਖ ਵੀਰ ਦੀ ਪਹਿਲੀ ਬਰਸੀ

ਦਾਸ ਦੇ ਪਿਤਾ ਭਾਈ ਸਾਹਿਬ ਜਸਵੰਤ ਸਿੰਘ ਜੀ ਬੱਗਾ ਦੇ ਪਹਿਲੇ ਵਰ੍ਹੀਣੇ ਸਮੇਂ ਗ੍ਰਹਿ ਵਿਖੇ ੨੧ ਜੂਨ ਐਤਵਾਰ ਸਵੇਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈ ਕੇ ਯਾਰ੍ਹਾਂ ਵਜੇ ਤਕ ਅਖੰਡ ਕੀਰਤਨ ਹੋਣਗੇ । ਕੀਰਤਨ ਸਮਾਗਮ ਤੇ ਅਰਦਾਸ ਵਿਚ ਸ਼ਾਮਲ ਹੋ ਕੇ ਕਿਰਤਾਰਥ ਕਰੋ ਜੀ ।

ਦਾਸਰਾ–ਜਤਿੰਦਰ ਸਿੰਘ ਬੱਗਾ, ੬੦੭੦-ਮਹੱਲਾ ਕਨੇਰਾਂ, ਤਵਕਲੀ ਮੋੜ, ਸ਼ੇਰਾਂ ਵਾਲਾ ਗੇਟ, ਪਟਿਆਲਾ

---

**ਪਾਠਕ ਸੱਜਣੋ !** ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ **ਚਿੱਟ ਨੰਬਰ ਜ਼ਰੂਰ ਲਿਖੋ** । ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ ।

**ਪਰਚੇ ਗੁੰਮ** ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ । ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ । ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿੰਦੇ ਹਾਂ ।



www.AKJ.Org

# 'ਸੂਰਾ' ਮਾਸਕ ਪੱਤਰ ਦੇ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਪਾਠਕਾਂ ਦੇ ਸੌ ਸੌ ਰੁਪਏ ਪੁੱਜੇ ਹਨ, ਸਭ ਦੀਆਂ ਬੈਂਕ ਵਿਚ ਐਫ਼ ਡੀਆਂ ਬਣਵਾ ਦਿਤੀਆਂ ਗਈਆਂ ਹਨ, ਜਿਨ੍ਹਾਂ ਦੇ ਨੰਬਰ ਇਸ ਪ੍ਰਕਾਰ ਹਨ :-

| | | | |
|---|---|---|---|
| 822. ਸ: ਜੇ. ਐਸ. ਚੋਪੜਾ | (ਚਿਟ ਨੰ: 3822) | 215429/533/81 | ਮਿਤੀ 25.5.81 |
| 823. ਸ: ਅਮੋਲਕ ਸਿੰਘ ਅਮੋਲ | ( ,, 3823) | 215430/534/81 | ,, |
| 824. ਸ: ਕਿਰਪਾਲ ਸਿੰਘ ਵੋਹਰਾ | ( ,, 3824) | 215431/535/81 | ,, |
| 825. ਸ: ਜਸਵੰਤ ਸਿੰਘ ਆਹਲੂਵਾਲੀਆ | ( ,, 3825) | 215432/536/81 | ,, |
| 826. ਸ: ਦਲੀਪ ਸਿੰਘ C/o ਕਰਮ ਇੰਜ: ਵਰਕਸ | ( ,, 3826) | 215433/537/81 | ,, |
| 827. ਸ: ਜੀਵਨ ਸਿੰਘ ਰੰਧਾਵਾ | ( ,, 3827) | 215434/538/81 | ,, |
| 828 ਗਿ: ਰਣਜੀਤ ਸਿੰਘ | ( ,, 3828) | 215435/539/81 | ,, |
| 829. ਸ: ਬਲਵੰਤ ਸਿੰਘ ਰੋੜਕਲਾ | ( ,, 3829) | 215436/540/81 | ,, |
| 830. ਸ: ਦਵਿੰਦਰ ਸਿੰਘ ਗੁਲਾਟੀ | ( ,, 3830) | 215437/541/81 | ,, |
| 831. ਸ: ਮਲਕੀਅਤ ਸਿੰਘ ਗਿਲ | ( ,, 3831) | 215438/542/81 | ,, |
| 832. ਸ: ਅਮਰ ਸਿੰਘ ਲੰਬੜਦਾਰ | ( ,, 3832) | 215439/543/81 | ,, |
| 833. ਸ: ਮਹੇਂਦਰਾ ਸਿੰਘ ਸਵੀਟ ਸ਼ਾਪ | ( ,, 3833) | 215440,544/81 | ,, |
| 834. ਸ: ਸਰਬਪ੍ਰੀਤ ਸਿੰਘ ਜਲੰਧਰ | ( ,, 3834) | 215441/545/81 | ,, |
| 835. ਸ: ਸਤਨਾਮ ਸਿੰਘ ਮੈਨੇਜਰ P. S. Bank | ( ,, 3835) | 215442/546/81 | ,, |
| 836. ਸ: ਦਿਆਲ ਸਿੰਘ ਨੋਟੇ | ( ,, 3836) | 215443/547/81 | ,, |
| 837. ਸ: ਮੋਹਨ ਸਿੰਘ ਵਿਰਦੀ | ( ,, 3837) | 215444/548/81 | ,, |
| 838. ਸ: ਗੁਰਬਚਨ ਸਿੰਘ ਮਾਰੇ | ( ,, 3838) | 215445/549/81 | ,, |
| 839. ਸ: ਕਿਰਪਾਲ ਸਿੰਘ ਜਗਨ | ( ,, 3839) | 215446/550/81 | ,, |
| 840. ਸ: ਬਲਦੇਵ ਸਿੰਘ ਸਕੱਤਰ | ( ,, 3840) | 215447/551/81 | ,, |
| 841. ਸ. ਜੋਗਾ ਸਿੰਘ ਬੰਬਈ | ( ,, 3841) | 215448/552/81 | ,, |
| 842. ਸ: ਪ੍ਰਿਤਪਾਲ ਸਿੰਘ ਮਥਰਾ | ( ,, 3842) | 215449/553/81 | ,, |

## ਅਖੰਡ ਕੀਰਤਨੀ ਜਥਾ ਯੂ. ਕੇ. (ਰਜਿ:)

ਅਖੰਡ ਕੀਰਤਨੀ ਜਥਾ ਯੂ. ਕੇ ਦੀ ਕਾਰਜ-ਕਰਤੀ ਸਭਾ ਦੀ ਚੋਣ 19,4.81 ਨੂੰ ਗਰੇਵਜ਼ੈਂਡ ਵਿਖੇ ਹੇਠ ਲਿਖੇ ਅਨੁਸਾਰ ਹੋਈ-

ਜਨਰਲ ਸਕੱਤਰ-ਭਾਈ ਗੁਰਨਾਮ ਸਿੰਘ, 10, Lambourne Gardens, Reading,
Phone : 0734-67900

ਸਹਾਇਕ ਜਨਰਲ ਸਕੱਤਰ-ਭਾਈ ਜੋਗਾ ਸਿੰਘ, 2, Recreation Road, Southall,
Phone : 01-571-1726

ਖ਼ਜ਼ਾਨਚੀ-ਭਾਈ ਰਾਮ ਸਿੰਘ, 24 New Road, Rochester,Phone Gravesend 0474-66733

ਸਭਾ ਦੇ ਹੋਰ ਹੇਠ ਲਿਖੇ ੧੨ ਮੈਂਬਰ ਚੁਣੇ ਗਏ-

ਭਾਈ ਹਰਬਖ਼ਸ਼ ਸਿੰਘ ਜੀ, ਚੈਥਮ। ਭਾਈ ਗਿਆਨ ਸਿੰਘ ਜੀ, ਲੰਡਨ। ਭਾਈ ਗੁਰਦੇਵ ਸਿੰਘ ਜੀ, ਹਡਰਸਫ਼ੀਲਡ। ਭਾਈ ਬੰਤਾ ਸਿੰਘ ਜੀ, ਲੋਜ਼ਲ ਬਰਮਿੰਘਮ। ਭਾਈ ਜੋਗਿੰਦਰ ਸਿੰਘ ਜੀ, ਲਾਇਸੈਸਟਰ। ਭਾਈ ਪਰਮਜੀਤ ਸਿੰਘ ਜੀ, ਬਰਮਿੰਘਮ। ਭਾਈ ਜਗਤਾਰ ਸਿੰਘ ਜੀ, ਡਰਬੀ। ਭਾਈ ਅਜੀਤ ਸਿੰਘ ਜੀ, ਡਰਬੀ। ਭਾਈ ਤਰਸੇਮ ਸਿੰਘ ਜੀ, ਡਰਬੀ। ਭਾਈ ਜਰਨੈਲ ਸਿੰਘ ਜੀ ਲਿਮਿੰਗਟਨ। ਭਾਈ ਹਰਚਰਨ ਜੀ, ਸਾਊਥਹਾਲ। ਬੀਬੀ ਇਕਬਾਲ ਕੌਰ ਜੀ, ਸਟੈਫ਼ੋਰਡ।

www.AKJ.Org

## ਭਾ: ਸਾ: ਭਾ: ਰਣਧੀਰ ਸਿੰਘ ਜੀ ਦਾ ਜਨਮ ਸ਼ਤਾਬਦੀ ਸਮਾਗਮ ਲੁਧਿਆਣਾ

### ਸ਼ੁਕਰਵਾਰ 3 ਜੁਲਾਈ ਸਵੇਰ ਤੋਂ 6 ਜੁਲਾਈ 1981 ਸੋਮਵਾਰ ਸਵੇਰ ਤਕ

ਗੁਰਸਿਖ ਫੁਲਵਾੜੀ ਦੇ ਗੁਰੂ ਦੁਲਾਰੇ, ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ੧੦੩ਵਾਂ ਜਨਮ-ਸ਼ਤਾਬਦੀ ਸਮਾਗਮ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਿਹਾ ਹੈ। ਸਮਾਗਮ ਵਿਚ ਹਾਜ਼ਰੀਆ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

3 ਜੁਲਾਈ ਸਵੇਰੇ 4 ਤੋਂ 7-30 ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ 8 ਤੋਂ 9-30 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ

4 ਜੁਲਾਈ ਸਵੇਰੇ 5 ਤੋਂ 10-00 ਕੀਰਤਨ ਆਸਾ ਦੀ ਵਾਰ
ਸ਼ਾਮ 8 ਤੋਂ 9-30 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ

5 ਜੁਲਾਈ ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਆਸਾ ਦੀ ਵਾਰ ਤੇ ਅਖੰਡ ਕੀਰਤਨ ਦੁਪਹਿਰ ਤਕ
ਸ਼ਾਮ 4 ਵਜੇ ਅਰੰਭ ਅੰਮ੍ਰਿਤ-ਸੰਚਾਰ
ਰਾਤ 8 ਵਜੇ ਸੋਦਰ ਦੀ ਚੌਕੀ ਉਪਰੰਤ ਅਰੰਭ ਰੈਣ ਸਬਾਈ, 6 ਜੁਲਾਈ ਸਵੇਰੇ 5 ਵਜੇ ਸਮਾਪਤੀ

ਪ੍ਰਾਰਥਕ–
ਅਖੰਡ ਕੀਰਤਨੀ ਜਥਾ, ਲੁਧਿਆਣਾ

ਸਮੂਹ ਸੇਵਾਦਾਰ
ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ

## ਇੰਗਲੈਂਡ ਵਿਖੇ ਅਖੰਡ ਕੀਰਤਨ ਤੇ ਅਖੰਡਪਾਠ

ਭਾਈ ਗੁਰਨਾਮ ਸਿੰਘ ਜੀ ਇਤਲਾਹ ਦੇਂਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ. ਕੇ ਵਲੋਂ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

20 ਜੂਨ 1981 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ–Gurdwara Prospect Street, New Fire Station, Huddersfield, Phone : 0484-23773

ਪੁਛ ਗਿਛ– ਭਾਈ ਗੁਰਦੇਵ ਸਿੰਘ ਗਿਲ, Phone : 0484-24311

19 ਜੁਲਾਈ ਐਤਵਾਰ ਸਵੇਰੇ 6 ਵਜੇ ਭੋਗ ਅਖੰਡਪਾਠ ਉਪਰੰਤ ਸ਼ਾਮ ਤਿੰਨ ਵਜੇ ਤਕ ਅਖੰਡ ਕੀਰਤਨ–Gurdwara Dasmesh Sikh Temple, Wheeler St., Off Lozells Rd., Birmingham-19
Phone : 021-523-9050

ਇਹ ਪ੍ਰੋਗਰਾਮ ਭਾਈ ਬੰਤਾ ਸਿੰਘ ਜੀ ਗੇਹਲ ਫ਼ੋਨ 021-524-7280 ਵਲੋਂ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

1978 ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਹਰ ਮੰਗਲਵਾਰ ਸ਼ਾਮ ਨੂੰ ਪਿੰਡਾਂ ਵਿਚ ਹੋ ਰਹੇ ਕੀਰਤਨ ਸਮਾਗਮਾਂ ਦਾ ਵੇਰਵਾ :–

2 ਜੂਨ ਗੁਰਦਵਾਰਾ ਸਾਹਿਬ ਪਿੰਡ ਘੁੜਾਣੀ ਖੁਰਦ, 9 ਜੂਨ ਗੁਰ: ਸਾਹਿਬ ਪਿੰਡ ਲੋਹਾਰਾ (ਨੇੜੇ ਜਸਪਾਲ ਬਾਂਗਰ), 16 ਜੂਨ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਲੁਧਿਆਣਾ, 23 ਜੂਨ ਗੁਰ: ਸਾਹਿਬ ਪਿੰਡ ਜੱਲ੍ਹਾ ਨੇੜੇ ਪਾਇਲ. 30 ਜੂਨ ਗੁਰ: ਸਾਹਿਬ ਰਾਏਕੋਟ (ਲੁਧਿਆਣਾ)।

ਦਾਸਰਾ– ਦਰਸ਼ਨ ਸਿੰਘ (ਡਾਕਟਰ), 8/9 ਪੀ. ਏ. ਯੂ. ਲੁਧਿਆਣਾ

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

ਟਾਈਟਲ : ਨਵਕੇਤਨ ਪ੍ਰੈਸ ਅੰਮ੍ਰਿਤਸਰ।

www.AKJ.Org